# Guru Kashi Department of Languages, Talwandi Sabo 2021-22 Activities

One Day Vidyarthi Mela, Creative Writing Workshop & Competitive Exam 2022 has been conducted by Guru Kashi Department of Languages & Guru Kashi Department of Social Science on 13 June 2022

## गुरु काशी कैंपस में विद्यार्थी मेला सफलतापूर्वक संपन्न

**संवाद सूत्र, तलवंडी साबो :** पंजाबी यूनिवर्सिटी गुरु काशी कैंपस दमदमा साहिब तलवंडी साबो में गुरु काशी भाषा विभाग और सोशल साइंसेज विभाग की तरफ से विद्यार्थी मेला करवाया गया। यह मेला विद्यार्थियों में साहित्यिक रुचि पैदा करने और साहित्य जन प्रति प्रेरित करने के लिए एक सराहनीय कदम रहा। साथ ही इतिहास और राजनीति शास्त्र से संबंधित विषयों पर चर्चा की गई। इस दौरान एक लिखित प्रतियोगिता का आयोजन भी किया गया।

जिसमें भारतीय संविधान, अमृता प्रीतम, खुशवंत सिंह, शहीद भगत सिंह और विलियम शेक्सपियर से संबंधित 60 प्रश्न पूछे गए। इस मेले में अलग अलग कालेजों और कैंपसों के विद्यार्थियों ने हिस्सा लिया। इस लिखित प्रतियोगिता में 300 के लगभग विद्यार्थियों ने भाग लिया। इस



तलवंडी साबो के गुरु काशी कैंपस में विद्यार्थी मेले का आयोजन किया गया • सौ. कैंपस

दौरान पहले दूसरे और तीसरे स्थान पर रहने वाले विद्यार्थियों को क्रमशः 2100, 1500, 1100 और सर्टिफिकेट दिए गए। लिखित प्रतियोगिता में पहला स्थान नवदीप सिंह, दूसरा स्थान कमल किरन कौर और बरनीत कौर, तीसरा स्थान गीत रानी, कुलबीर सिंह ने हासिल किया। बाकी भाग लेने वाले सभी विद्यार्थियों को सर्टिफिकेट भी प्रदान किए गए।

इस मेले में लिखित प्रतियोगिता के बाद पंजाब यूनिवर्सिटी चंडीगढ़ के राजनीतिक शास्त्र और फिलॉसफी विभाग के खोजार्थी कमलजीत सिंह, हरीश, तरुण, यामिनी और एसप्रिय ने एक सृजनात्मक सोच और गतिविधियों से संबंधित एक वर्कशाप लगाई। साथ ही उन्होंने इस नुक्ते पर अपने विचार सांझे किए।

इस दौरान पुस्तक प्रदर्शनी भी लगाई गई। इस मौके पर तलवंडी साबो विधायक प्रो. बलजिंदर कौर के भाई उदयवीर सिंह ने भी शिरकत की और उन्होंने गुरु काशी भाषा विभाग और गुरु काशी सोशल साइंस विभाग को पांच हजार रुपये की राशि भेंट की। इस दौरान डा. सुशील कुमार और डा अमनदीप सिंह सेखों ने अलग अलग कालेजों और कैंपस से आए हुए विद्यार्थियों और अध्यापकों का धन्यवाद किया। इस मेले के कोआर्डिनेटर डा. बलदेव सिंह, डा. सुनीता सिंह रहे और स्टेज संचालन की भूमिका डा. मनमिंदर कौर ने निभाई।

ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ

# ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਦਿਆਰਥੀ ਮੇਲਾ ਸਫ਼ਲਤਾਪੂਰਵਕ ਸੰਪੰਨ





ਤਲਵੰਡੀ ਸਾਬੋ, 14 ਜੂਨ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਅਤੇ ਸੋਸ਼ਲ ਸਾਇੰਸਜ਼ ਵਿਭਾਗ ਵੱਲੋਂ ਵਿਦਿਆਰਥੀ ਮੇਲਾ ਕਰਵਾਇਆ ਗਿਆ। ਇਹ ਮੇਲਾ ਵਿਦਿਆਰਥੀਆਂ ਵਿਚ ਸਾਹਿਤਕ ਰੁਚੀਆਂ ਪੈਦਾ ਕਰਨ ਅਤੇ ਸਾਹਿਤ ਸਿਰਜਣ ਪ੍ਰਤੀ ਪ੍ਰੇਰਿਤ ਕਰਨ ਦੇ ਲਈ ਇਕ ਸ਼ਲਾਘਾਯੋਗ ਕਦਮ ਰਿਹਾ। ਨਾਲ ਹੀ ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਨਾਲ ਸਬੰਧਤ ਵਿਸ਼ਿਆਂ ਦੀ ਚਰਚਾ ਕੀਤੀ ਗਈ। ਇਸ ਦੌਰਾਨ ਇੱਕ ਲਿਖਤੀ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਰਤੀ ਸੰਵਿਧਾਨ, ਅੰਮ੍ਰਿਤਾ ਪ੍ਰੀਤਮ, ਖੁਸਵੰਤ ਸਿੰਘ, ਸ਼ਹੀਦ ਭਗਤ ਸਿੰਘ ਅਤੇ ਵਿਲੀਅਮ ਸ਼ੈਕਸਪੀਅਰ ਨਾਲ ਸਬੰਧਿਤ 60 ਪ੍ਰਸ਼ਨ ਪੁੱਛੇ ਗਏ ਇਸ ਮੇਲੇ ਵਿੱਚ ਵੱਖ-ਵੱਖ ਕਾਲਜਾਂ ਅਤੇ ਕੈਂਪਸ ਦੇ ਵਿਦਿਆਰਥੀਆਂ ਨੇ ਝਨੀਰ, ਬਠਿੰਡਾ, ਮੌੜ, ਮਾਨਸਾ, ਸਰਦੂਲਗੜ੍ਹ, ਢੁੱਡੀਕੇ ਆਦਿ ਤੋਂ ਹਿੱਸਾ ਲਿਆ। ਇਸ ਲਿਖਤੀ ਪ੍ਰਤੀਯੋਗਤਾ ਵਿਚ ਲਗਪਗ 300 ਦੇ ਲਗਭਗ ਵਿਦਿਆਰਥੀਆਂ ਨੇ ਭਾਗ ਲਿਆ। ਪਹਿਲੇ ਦੂਜੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਰਾਸ਼ੀ ਕਰਮਵਾਰ 2100, 1500, 1100 ਅਤੇ ਸਰਟੀਫਿਕੇਟ ਦਿੱਤੇ ਗਏ। ਇਸ ਲਿਖਤੀ ਪ੍ਰਤੀਯੋਗਤਾ 'ਚੋਂ ਪਹਿਲਾ ਸਥਾਨ ਨਵਦੀਪ ਸਿੰਘ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ, ਦੂਸਰਾ ਸਥਾਨ ਕਮਲ ਕਿਰਨ ਕੌਰ ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ ਝੁਨੀਰ ਤੇ ਬਰਨੀਤ ਕੌਰ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਅਤੇ ਤੀਸਰਾ ਸਥਾਨ ਗੀਤਾ ਰਾਣੀ, ਕੁਲਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਨੇ ਹਾਸਲ ਕੀਤਾ ਅਤੇ ਬਾਕੀ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਗਏ। ਇਸ ਮੇਲੇ ਵਿਚ ਲਿਖਤੀ ਪ੍ਰਤੀਯੋਗਤਾ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਾਜਨੀਤਕ ਸ਼ਾਸਤਰ ਤੇ ਫਿਲਾਸਫੀ ਵਿਭਾਗ ਦੇ ਖੋਜਾਰਥੀ ਕਮਲਜੀਤ ਸਿੰਘ, ਹਰੀਸ਼, ਤਰੁਨ, ਯਾਮਨੀ, ਅਤੇ ਐਸ਼ਪ੍ਰਯ ਨੇ ਇਕ ਸਿਰਜਣਾਤਮਿਕ ਸੋਚ ਤੇ ਗਤੀਵਿਧੀਆਂ ਨਾਲ ਸਬੰਧਿਤ ਇੱਕ ਵਰਕਸ਼ਾਪ ਲਗਾਈ। ਨਾਲ ਹੀ ਉਨ੍ਹਾਂ ਨੇ ਇਸ ਨੁਕਤੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ ਕਿ ਸਵਾਲ ਕਿਵੇਂ ਪੁੱਛਿਆ ਜਾਵੇ। ਉਨ੍ਹਾਂ ਕਿਹਾ ਕਿ ਜੇ ਸਾਡੇ ਕੋਲ ਚੰਗੇ ਸਵਾਲ ਹੋਣਗੇ ਤਾਂ ਹੀ ਅਸੀਂ ਚੰਗੇ ਉੱਤਰਾਂ ਵਲ ਪਹੁੰਚ ਸਕਦੇ ਹਾਂ। ਗੁਰੂਕਾਸ਼ੀ ਭਾਸ਼ਾਵਾਂ ਵਿਭਾਗ ਦੇ ਖੋਜਾਰਥੀ ਵਿੱਕੀ ਮਹੇਸ਼ਰੀ ਨੇ ਵੀ ਵਿਦਿਆਰਥੀਆਂ ਨਾਲ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ। ਇਸ ਵਰਕਸ਼ਾਪ ਵਿੱਚ ਵਿਦਿਆਰਥੀਆਂ ਨੇ ਬੜੀ ਹੀ ਉਤਸੁਕਤਾ ਨਾਲ ਭਾਗ ਲਿਆ। ਇਸ ਦੌਰਾਨ ਪੁਸਤਕ ਪ੍ਰਦਰਸ਼ਨੀ ਲਗਾਈ ਗਈ ਜੋ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸਿੱਧ ਹੋਈ। ਇਸ ਮੌਕੇ ਤਲਵੰਡੀ ਸਾਬੋ ਦੇ ਐਮ.ਐਲ.ਏ ਬਲਜਿੰਦਰ ਕੌਰ ਦੇ ਭਰਾ ਉਦੈਵੀਰ ਸਿੰਘ ਪਹੁੰਚੇ ਉਨ੍ਹਾਂ ਨੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਤੇ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਨੂੰ 5000 ਰੁਪਏ ਦੀ ਰਾਸ਼ੀ ਭੇਟ ਕੀਤੀ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੀ ਮੁਖੀ ਡਾ. ਸੁਸ਼ੀਲ ਕੁਮਾਰ ਅਤੇ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਦੇ ਮੁਖੀ ਡਾ. ਅਮਨਦੀਪ ਸਿੰਘ ਸੇਖੋਂ ਨੇ ਵੱਖ-ਵੱਖ ਕਾਲਜਾਂ ਤੇ ਕੈਂਪਸ ਤੋਂ ਆਏ ਹੋਏ ਵਿਦਿਆਰਥੀਆਂ ਅਤੇ ਅਧਿਆਪਕ ਸਹਿਬਾਨਾਂ ਨੂੰ ਤਹਿ ਦਿਲੋਂ ਜੀ ਆਇਆਂ ਆਖਿਆ ਅਤੇ ਇਸ ਵਿਦਿਆਰਥੀ ਮੇਲੇ ਦੀ ਸ਼ਲਾਘਾ ਕੀਤੀ ਨਾਲ ਹੀ ਉਹਨਾਂ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਅਜਿਹੇ ਮੇਲੇ ਹੋਣੇ ਚਾਹੀਦੇ ਹਨ। ਇਸ ਮੇਲੇ ਦੇ ਕੋਆਰਡੀਨੇਟਰ ਡਾ. ਬਲਦੇਵ ਸਿੰਘ ਸ਼ੇਰਗਿੱਲ ਅਤੇ ਡਾ. ਸੁਨੀਤਾ ਸਿੰਘ ਰਹੇ ਅਤੇ ਸਟੇਜ ਸੰਚਾਲਕ ਦੀ ਭੂਮਿਕਾ ਡਾ. ਮਨਮਿੰਦਰ ਕੌਰ ਨੇ ਨਿਭਾਈ। ਕੈਂਪਸ ਡਾਇਰੈਕਟਰ ਨੇ ਵਿਭਾਗਾਂ ਦੇ ਸਾਰੇ ਅਧਿਆਪਕਾਂ ਦਾ ਇਸ ਮੇਲੇ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# 300 take part in quiz contest held at Guru Kashi Campus

ISHWAR GARG
TALWANDI SABO, JUNE 14

Department of Guru Kashi Languages and Department of Social Sciences organized a student fair on Monday at Punjabi University Guru Kashi Campus Damdama Sahib Talwandi Sabo.

The fair was a commendable step in inculcating literary interests in the students and inspiring them to create literature. Topics related to history and political science were also discussed. During this, a quiz competition was organized in which 60 questions related to Indian Constitution, Amrita Pritam, Khuswant Singh, Shaheed Bhagat Singh and William Shakespeare were asked.

Students from different colleges and campuses like Jhanir, Bathinda, Maur, Mansa, Sardulgarh, Dhudike etc. participated in the event. Around 300 students participated in this written competition. The first, second and third place winners were awarded prizes of Rs.2100, Rs.1500, Rs.1100 and certificates respectively.




First place went to Navdeep Singh (Government Rajindra College Bathinda), second place to Kamal Kiran Kaur (Baba Dhyan Das Neighborhood Campus Jhunir) and Barnit Kaur (Government Rajindra College Bathinda) and third place to Geeta Rani, Kulvir Singh (Punjabi University Guru Kashi). Campus Damdama Sahib) and all the other participating students were also given certificates. Following the written competition, researchers from the Department of Political Science and Philosophy, Panjab University, Chandigarh, Kamaljit Singh, Harish, Tarun, Yamni and Ashpriya conducted a workshop on Creative Thinking and Activities. He also shared his thoughts on how to ask questions.

He said that only if we have good questions can we come up with good answers. The students participated in this workshop with great enthusiasm. During this, a book exhibition was organized which proved to be very useful for the students.

On this occasion Udayveer Singh, brother of Talwandi Sabo MLA Baljinder Kaur arrived and presented an amount of Rs.5000 to Guru Kashi Languages Department and Guru Kashi Social Sciences Department.

Head of Guru Kashi *Languages Department, Dr. Sushil Kumar and Guru Kashi,* Head, Department of *Social* Sciences. Amandeep Singh Sekhon warmly welcomed the students and teachers from different colleges and campuses and lauded the student fair and said that such fairs should be held for the overall development of the students.

The coordinator of this fair, Dr. Baldev Singh Shergill and Dr. Dr. Sunita Singh Rahe and the role of stage manager was played by Manminder Kaur. The Campus Director thanked all the teachers of the departments for making this fair a success

ਨਵਾਂ ਜ਼ਮਾਨਾ

# ਗੁਰੂ ਕਾਸ਼ੀ 'ਵਰਸਿਟੀ ਕੈਂਪਸ 'ਚ ਲੱਗੇ ਮੇਲੇ ਨੇ ਬਿਖੇਰੇ ਸਾਹਿਤਕ ਰੰਗ




**ਤਲਵੰਡੀ ਸਾਬੋ (ਜਗਦੀਪ ਗਿੱਲ)**

ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਵਿਖੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਅਤੇ ਸੋਸ਼ਲ ਸਾਇੰਸਜ਼ ਵਿਭਾਗ ਵੱਲੋਂ 13 ਜੂਨ ਨੂੰ ਵਿਦਿਆਰਥੀ ਮੇਲਾ ਕਰਾਇਆ ਗਿਆ। ਇਹ ਮੇਲਾ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਪੈਦਾ ਕਰਨ ਅਤੇ ਸਾਹਿਤ ਸਿਰਜਣ ਪ੍ਰਤੀ ਪ੍ਰੇਰਿਤ ਕਰਨ ਦੇ ਲਈ ਇੱਕ ਸ਼ਲਾਘਾਯੋਗ ਕਦਮ ਰਿਹਾ। ਨਾਲ ਹੀ ਇਤਿਹਾਸ ਤੇ ਰਾਜਨੀਤੀ ਸ਼ਾਸ਼ਤਰ ਨਾਲ ਸਬੰਧਤ ਵਿਸ਼ਿਆਂ ਦੀ ਚਰਚਾ ਕੀਤੀ ਗਈ। ਇਸ ਦੌਰਾਨ ਇੱਕ ਲਿਖਤੀ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਰਤੀ ਸੰਵਿਧਾਨ, ਅੰਮ੍ਰਿਤਾ ਪ੍ਰੀਤਮ, ਖੁਸ਼ਵੰਤ ਸਿੰਘ, ਸ਼ਹੀਦ ਭਗਤ ਸਿੰਘ ਤੇ ਵਿਲੀਅਮ ਸ਼ੇਕਸਪੀਅਰ ਨਾਲ ਸਬੰਧਤ 60 ਪ੍ਰਸ਼ਨ ਪੁੱਛੇ ਗਏ।

ਮੇਲੇ ਵਿੱਚ ਵੱਖ-ਵੱਖ ਕਾਲਜਾਂ ਅਤੇ ਕੈਂਪਸ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਵੇਂ ਝਨੀਰ, ਬਠਿੰਡਾ, ਮੌੜ, ਮਾਨਸਾ, ਸਰਦੂਲਗੜ੍ਹ, ਢੁੱਡੀਕੇ ਆਦਿ। ਇਸ ਲਿਖਤੀ ਪ੍ਰਤੀਯੋਗਤਾ ਵਿੱਚ ਲਗਪਗ 300 ਦੇ ਲਗਭਗ ਵਿਦਿਆਰਥੀਆਂ ਨੇ ਭਾਗ ਲਿਆ। ਪਹਿਲੇ ਦੂਜੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਰਾਸ਼ੀ ਕ੍ਰਮਵਾਰ 2100, 1500, 1100 ਅਤੇ ਸਰਟੀਫਿਕੇਟ ਦਿੱਤੇ ਗਏ। ਇਸ ਲਿਖਤੀ ਪ੍ਰਤੀਯੋਗਤਾ 'ਚੋਂ ਪਹਿਲਾ ਸਥਾਨ ਨਵਦੀਪ ਸਿੰਘ (ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ), ਦੂਜਾ ਸਥਾਨ ਕਮਲ ਕਿਰਨ ਕੌਰ (ਬਾਬਾ ਧਿਆਨ ਦਾਸ ਨੇਬਰ ਹੁੱਡ ਕੈਂਪਸ ਝੁਨੀਰ) ਤੇ ਬਰਨੀਤ ਕੌਰ (ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ) ਤੇ ਤੀਜਾ ਸਥਾਨ ਗੀਤਾ ਰਾਣੀ, ਕੁਲਵੀਰ ਸਿੰਘ (ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ) ਨੇ ਹਾਸਲ ਕੀਤਾ ਤੇ ਬਾਕੀ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਗਏ। ਮੇਲੇ ਵਿਚ ਲਿਖਤੀ ਪ੍ਰਤੀਯੋਗਤਾ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਾਜਨੀਤਕ ਸ਼ਾਸ਼ਤਰ ਤੇ ਫ਼ਿਲਾਸਫ਼ੀ ਵਿਭਾਗ ਦੇ ਖੋਜਾਰਥੀ ਕਮਲਜੀਤ ਸਿੰਘ, ਹਰੀਸ਼, ਤਰੁਨ, ਯਾਮਨੀ ਤੇ ਐਸ਼ਪ੍ਰਿਯ ਨੇ ਇਕ ਸਿਰਜਣਾਤਮਿਕ ਸੋਚ ਤੇ ਗਤੀਵਿਧੀਆਂ ਨਾਲ ਸਬੰਧਤ ਇੱਕ ਵਰਕਸ਼ਾਪ ਲਾਈ। ਨਾਲ ਹੀ ਉਨ੍ਹਾਂ ਨੇ ਇਸ ਨੁਕਤੇ ਤੇ ਆਪਣੇ ਵਿਚਾਰ ਸਾਂਝੇ ਕੀਤੇ ਕਿ ਸਵਾਲ ਕਿਵੇਂ ਪੁੱਛਿਆ ਜਾਵੇ। ਉਨ੍ਹਾਂ ਕਿਹਾ ਕਿ ਜੇ ਸਾਡੇ ਕੋਲ ਚੰਗੇ ਸਵਾਲ ਹੋਣਗੇ ਤਾਂ ਹੀ ਅਸੀਂ ਚੰਗੇ ਉੱਤਰਾਂ ਵੱਲ ਪਹੁੰਚ ਸਕਦੇ ਹਾਂ।

ਗੁਰੂਕਾਸ਼ੀ ਭਾਸ਼ਾਵਾਂ ਵਿਭਾਗ ਦੇ ਖੋਜਾਰਥੀ ਵਿੱਕੀ ਮਹੇਸ਼ਰੀ ਨੇ ਵੀ ਵਿਦਿਆਰਥੀਆਂ ਨਾਲ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ।ਤਲਵੰਡੀ ਸਾਬੋ ਦੇ ਐਮ.ਐਲ.ਏ ਬਲਜਿੰਦਰ ਕੌਰ ਦੇ ਭਰਾ ਉਦੈਵੀਰ ਸਿੰਘ ਪਹੁੰਚੇ। ਉਨ੍ਹਾਂ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਤੇ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਨੂੰ 5000 ਰੁਪਏ ਦੀ ਰਾਸ਼ੀ ਭੇਟ ਕੀਤੀ।

ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੀ ਮੁਖੀ ਡਾ. ਸੁਸ਼ੀਲ ਕੁਮਾਰ ਤੇ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਦੇ ਮੁਖੀ ਡਾ. ਅਮਨਦੀਪ ਸਿੰਘ ਸੇਖੋਂ ਨੇ ਵੱਖ-ਵੱਖ ਕਾਲਜਾਂ ਤੇ ਕੈਂਪਸ ਤੋਂ ਆਏ ਹੋਏ ਵਿਦਿਆਰਥੀਆਂ ਅਤੇ ਅਧਿਆਪਕ ਸਹਿਬਾਨਾਂ ਨੂੰ ਤਹਿ ਦਿਲੋਂ ਜੀ ਆਇਆਂ ਆਖਿਆ ਅਤੇ ਇਸ ਵਿਦਿਆਰਥੀ ਮੇਲੇ ਦੀ ਸ਼ਲਾਘਾ ਕੀਤੀ।

ਅੱਜ਼ ਦੀ ਆਵਾਜ਼

# ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਵਿਖੇ ਵਿਦਿਆਰਥੀ ਮੇਲਾ ਸ.ਫਲਤਾਪੂਰਵਕ ਸੰਪੰਨ




ਗੁਰੂ ਕਾਸ਼ੀ ਕੈਂਪਸ ਚ ਲਗਾਏ ਵਿਦਿਆਰਥੀ ਮੇਲੇ ਦੀ ਇੱਕ ਝਲਕ।

**ਤਲਵੰਡੀ ਸਾਬੋ • ਰਣਜੀਤ ਸਿੰਘ ਰਾਜੂ**

ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਵਿਖੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਅਤੇ ਸੋਸ਼ਲ ਸਾਇੰਸਜ਼ ਵਿਭਾਗ ਵੱਲੋਂ ਵਿਦਿਆਰਥੀ ਮੇਲਾ ਕਰਵਾਇਆ ਗਿਆ ਜਿਸ ਦੌਰਾਨ ਇੱਕ ਲਿਖਤੀ ਪ੍ਰਤੀਯੋਗਤਾ ਦਾ ਆਯੋਜਨ ਵੀ ਕੀਤਾ ਗਿਆ। ਸੰਸਥਾ ਵੱਲੋਂ ਜਾਰੀ ਪ੍ਰੈਸ ਬਿਆਨ ਮੁਤਾਬਿਕ ਮੇਲੇ ਵਿੱਚ ਵੱਖ ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਜਦੋਂਕਿ ਲਿਖਤੀ ਪ੍ਰਤੀਯੋਗਤਾ ਵਿਚ 300 ਦੇ ਕਰੀਬ ਵਿਦਿਆਰਥੀ ਸ਼ਾਮਿਲ ਹੋਏ। ਪਹਿਲੇ ਦੂਜੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਰਾਸ਼ੀ ਕ੍ਰਮਵਾਰ 2100, 1500, 1100 ਅਤੇ ਸਰਟੀਫਿਕੇਟ ਦਿੱਤੇ ਗਏ। ਲਿਖਤੀ ਪ੍ਰਤੀਯੋਗਤਾ 'ਚੋਂ ਪਹਿਲਾ ਸਥਾਨ ਨਵਦੀਪ ਸਿੰਘ (ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ), ਦੂਸਰਾ ਸਥਾਨ ਕਮਲ ਕਿਰਨ ਕੌਰ (ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ ਬੁਨੀਰ) ਅਤੇ ਬਰਨੀਤ ਕੌਰ (ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ),ਤੀਸਰਾ ਸਥਾਨ ਗੀਤਾ ਰਾਣੀ, ਕੁਲਵੀਰ ਸਿੰਘ (ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ) ਨੇ ਹਾਸਲ ਕੀਤਾ। ਲਿਖਤੀ ਪ੍ਰਤੀਯੋਗਤਾ ਉਪਰੰਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਾਜਨੀਤਿਕ ਸ਼ਾਸਤਰ ਅਤੇ ਫਿਲਾਸਫੀ ਵਿਭਾਗ ਦੇ ਖੋਜਰਾਥੀ ਕਮਲਜੀਤ ਸਿੰਘ, ਹਰੀਸ਼, ਤਰੁਨ, ਯਾਮਨੀ, ਅਤੇ ਐਸ਼ਪ੍ਰਿਯ ਨੇ ਇਕ ਸਿਰਜਣਾਤਮਿਕ ਸੋਚ ਤੇ ਗਤੀਵਿਧੀਆਂ ਨਾਲ ਸਬੰਧਿਤ ਇੱਕ ਵਰਕਸ਼ਾਪ ਲਗਾਈ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਖੋਜਾਰਥੀ ਵਿੱਕੀ ਮਹੇਸ਼ਰੀ ਨੇ ਵਿਦਿਆਰਥੀਆਂ ਨਾਲ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ। ਸਮਾਗਮ ਚ ਹਲਕਾ ਵਿਧਾਇਕਾ ਬਲਜਿੰਦਰ ਕੌਰ ਵੱਲੋਂ ਉਨਾਂ ਦੇ ਭਰਾ ਐਡਵੋਕੇਟ ਉਦੈਵੀਰ ਸਿੰਘ ਨੇ ਸ਼ਮੂਲੀਅਤ ਕਰਦਿਆਂ ਸਮਾਗਮ ਦੀ ਸ਼ਲਾਘਾ ਕਰਨ ਦੇ ਨਾਲ ਨਾਲ 5000 ਰੁਪਏ ਦੀ ਪ੍ਰੋਤਸਾਹਨ ਰਾਸ਼ੀ ਭੇਟ ਕੀਤੀ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੀ ਮੁਖੀ ਡਾ. ਸੁਸ਼ੀਲ ਕੁਮਾਰ ਅਤੇ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਦੇ ਮੁਖੀ ਡਾ. ਅਮਨਦੀਪ ਸਿੰਘ ਸੇਖੋਂ ਨੇ ਵੱਖ-ਵੱਖ ਕਾਲਜਾਂ ਤੇ ਕੈਂਪਸ ਤੋਂ ਆਏ ਹੋਏ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੀ ਆਇਆਂ ਆਖਿਆ ਮੇਲੇ ਦੇ ਕੋਆਰਡੀਨੇਟਰ ਡਾ. ਬਲਦੇਵ ਸਿੰਘ ਸ਼ੇਰਗਿੱਲ ਅਤੇ ਡਾ. ਸੁਨੀਤਾ ਸਿੰਘ ਰਹੇ ਜਦੋਂਕਿ ਸਟੇਜ ਦੀ ਭੂਮਿਕਾ ਡਾ. ਮਨਮਿੰਦਰ ਕੌਰ ਨੇ ਬਾਖੂਬੀ ਨਿਭਾਈ। ਕੈਂਪਸ ਡਾਇਰੈਕਟਰ ਡਾ.ਜਸਵੀਰ ਸਿੰਘ ਹੁੰਦਲ ਨੇ ਵਿਭਾਗਾਂ ਦੇ ਸਾਰੇ ਅਧਿਆਪਕਾਂ ਦਾ ਮੇਲੇ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ।


ਗੁਰੂ ਕਾਸ਼ੀ ਸੋਸ਼ਲ ਸਾਇੰਸ ਵਿਭਾਗ
ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ
ਪੰਜਾਬੀ ਯੂਨੀਵਰਸਿਟੀ



Alumni Association formed by Guru Kashi Department of Languages. Pargat Singh Singo elected President of the association.

ਨਵਾਂ ਜ਼ਮਾਨਾ

# ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਪੁਰਾਣੇ ਵਿਦਿਆਰਥੀਆਂ ਨੇ ਕੀਤੀ ਇਕੱਤਰਤਾ

## ਪ੍ਰਗਟ ਸਿੰਘ ਸੀਂਗੋ ਨੂੰ ਚੁਣਿਆ ਅਲੂਮਨੀ ਐਸੋਸੀਏਸ਼ਨ ਦਾ ਪ੍ਰਧਾਨ



ਤਲਵੰਡੀ ਸਾਬੋ (ਜਗਦੀਪ ਗਿੱਲ)-ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਵਿਖੇ ਵਿਭਾਗ ਦੇ ਪੁਰਾਣੇ ਵਿਦਿਆਰਥੀਆਂ ਦੀ ਮੀਟਿੰਗ ਹੋਈ। ਇਸ ਵਿੱਚ ਵਿਦਿਆਰਥੀਆਂ ਨੇ ਵਿਭਾਗ ਵਿੱਚ ਬਿਤਾਏ ਸਮੇਂ ਨੂੰ ਯਾਦ ਕੀਤਾ ਤੇ ਆਪਣੇ ਤਜਰਬਿਆਂ ਨੂੰ ਸਾਂਝਾ ਕੀਤਾ। ਉਨ੍ਹਾਂ ਨੇ ਵਿਭਾਗ ਦੇ ਮੁਖੀ ਤੇ ਅਧਿਆਪਕਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵਿਭਾਗ ਦੀ ਬੇਹਤਰੀ ਲਈ ਯੋਗਦਾਨ ਪਾਉਣ ਦਾ ਅਹਿਦ ਲਿਆ। ਇਸਦੇ ਨਾਲ-ਨਾਲ ਮੀਟਿੰਗ ਵਿੱਚ ਭਾਸ਼ਾ ਦੀ ਮਹੱਤਤਾ ਬਾਰੇ ਵੀ ਚਰਚਾ ਹੋਈ ਅਤੇ ਵਿਭਾਗ ਵਿਖੇ ਭਾਸ਼ਾ ਲੈਬ ਨੂੰ ਸਥਾਪਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਪੁਰਾਣੇ ਵਿਦਿਆਰਥੀਆਂ ਨੇ ਅਲੂਮਨੀ ਐਸੋਸੀਏਸ਼ਨ ਬਣਾਉਣ ਦਾ ਨਿਰਣਾ ਲਿਆ ਤੇ ਇਸ ਐਸੋਸੀਏਸ਼ਨ ਰਾਹੀ ਸਮੇਂ-ਸਮੇਂ 'ਤੇ ਮੀਟਿੰਗਜ਼ ਕਰਕੇ ਵਿਭਾਗ ਦੀ ਬਿਹਤਰੀ ਲਈ ਕੰਮ ਕਰਨ ਦਾ ਫੈਸਲਾ ਕੀਤਾ। ਸਮੂਹ ਵਿਦਿਆਰਥੀਆਂ ਨੇ ਇੱਕ ਵਾਰੀ ਆਰਜ਼ੀ ਤੌਰ 'ਤੇ ਐਸੋਸੀਏਸ਼ਨ ਦਾ ਪ੍ਰਧਾਨ ਚੁਣਨ ਦਾ ਮਤਾ ਪਾਸ ਕੀਤਾ। ਇਸ ਤੋਂ ਬਾਅਦ ਸਰਬ-ਸੰਮਤੀ ਨਾਲ ਪ੍ਰਗਟ ਸਿਘ ਸੀਗੋ ਨੂੰ ਅਲੂਮਨੀ ਐਸੋਸ਼ੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ। ਪਰਗਟ ਸਿਘ ਸੀਗੋ ਵਿਭਾਗ ਦੇ ਬਹੁਤ ਹੀ ਮਿਹਨਤੀ ਤੇ ਹੋਣਹਾਰ ਵਿਦਿਆਰਥੀ ਸਨ। ਉਨ੍ਹਾਂ ਨੇ ਵਿਭਾਗ ਵਿਖੇ ਐਮ.ਏ. ਅੰਗਰੇਜ਼ੀ ਦਾ ਕੋਰਸ ਕੀਤਾ ਹੈ। ਸਾਰੀ ਅਲੂਮਨੀ ਐਸੋਸੀਏਸ਼ਨ ਨੇ ਪਰਗਟ ਸਿੰਘ ਸੀਗੋ ਦੀ ਹਰ ਕਿਸਮ ਨਾਲ ਮੱਦਦ ਕਰਨ ਦਾ ਯਕੀਨ ਦਿਵਾਇਆ ਤਾਂ ਕਿ ਉਹ ਵਿਭਾਗ ਦੀ ਬਿਹਤਰੀ ਲਈ ਯੋਜਨਾਵਾਂ ਉਲੀਕ ਸਕਣ। ਵਿਭਾਗ ਦੇ ਸਮੂਹ ਅਧਿਆਪਕਾਂ ਤੇ ਮੁਖੀ ਡਾ ਕੁਮਾਰ ਸੁਸ਼ੀਲ ਨੇ ਆਏ ਹੋਏ ਪੁਰਾਣੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਡਾ. ਜਸਵੀਰ ਸਿੰਘ ਹੁੰਦਲ ਕੈਂਪਸ ਡਾਇਰੈਕਟਰ ਨੇ ਅਲੂਮਨੀ ਐਸੋਸੀਏਸ਼ਨ ਤੇ ਵਿਭਾਗ ਨੂੰ ਸੁਭਕਾਮਨਾਵਾਂ ਦਿੱਤੀਆਂ। ਇਸ ਮੀਟਿੰਗ 'ਚ ਵੀਰਪਾਲ ਕੌਰ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ, ਕੇਵਲ ਸਿੰਘ, ਬਲਜਿੰਦਰ ਕੌਰ, ਅਮਨਦੀਪ ਆਦਿ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

# ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਪੁਰਾਣੇ ਵਿਦਿਆਰਥੀਆਂ ਦੀ ਹੋਈ ਮੀਟਿੰਗ

**ਤਲਵੰਡੀ ਸਾਬੋ, 7 ਜੂਨ (ਗੁਰਜੰਟ ਸਿੰਘ ਨਥੇਹਾ)** ਅੱਜ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਵਿੱਖੇ ਵਿਭਾਗ ਦੇ ਪੁਰਾਣੇ ਵਿਦਿਆਰਥੀਆਂ ਦੀ ਮੀਟਿੰਗ ਹੋਈ। ਇਸ ਵਿੱਚ ਵਿਦਿਆਰਥੀਆਂ ਨੇ ਵਿਭਾਗ ਵਿੱਚ ਬਿਤਾਏ ਸਮੇਂ ਨੂੰ ਯਾਦ ਕੀਤਾ ਅਤੇ ਆਪਣੇ ਤਜਰਬਿਆਂ ਨੂੰ ਸਾਝਾਂ ਕੀਤਾ। ਉਹਨਾਂ ਨੇ ਵਿਭਾਗ ਦੇ ਮੁਖੀ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵਿਭਾਗ ਦੀ ਬੇਹਤਰੀ ਲਈ ਯੋਗਦਾਨ ਪਾਉਣ ਦਾ ਅਹਿਦ ਲਿਆ। ਇਸਦੇ ਨਾਲ-ਨਾਲ ਮੀਟਿੰਗ ਵਿੱਚ ਭਾਸ਼ਾ ਦੀ ਮਹੱਤਤਾ ਬਾਰੇ ਵੀ ਚਰਚਾ ਹੋਈ ਅਤੇ ਵਿਭਾਗ ਵਿੱਖੇ ਭਾਸ਼ਾ ਲੈਬ ਨੂੰ ਸਥਾਪਿਤ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਪੁਰਾਣੇ ਵਿਦਿਆਰਥੀਆਂ ਨੇ ਅਲੂਮਨੀ ਐਸੋਸੀਏਸ਼ਨ ਬਣਾਉਣ ਦਾ ਨਿਰਣਾ ਲਿਆ ਅਤੇ ਇਸ ਐਸੋਸੀਏਸ਼ਨ ਰਾਹੀ ਸਮੇਂ ਸਮੇਂ ਤੇ ਮੀਟਿੰਗਜ਼ ਕਰਕੇ ਵਿਭਾਗ ਦੀ ਬਿਹਤਰੀ ਲਈ ਕੰਮ ਕਰਨ ਦਾ ਫੈਸਲਾ ਕੀਤਾ। ਸਮੂਹ ਵਿਦਿਆਰਥੀਆਂ ਨੇ ਇੱਕ ਵਾਰੀ ਆਰਜ਼ੀ ਤੌਰ ਤੇ ਐਸੋਸੀਏਸ਼ਨ ਦਾ ਪ੍ਰਧਾਨ ਚੁਣਨ ਦਾ ਮਤਾ ਪਾਸ ਕੀਤਾ। ਇਸ ਤੋਂ ਬਾਅਦ ਸਰਬ-ਸੰਮਤੀ ਨਾਲ ਪਰਗਟ ਸਿਘ ਸੀਗੋ ਨੂੰ ਅਲੂਮਨੀ ਐਸੋਸ਼ੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ। ਪਰਗਟ ਸਿੰਘ ਸੀਗੋ ਵਿਭਾਗ ਦੇ ਬਹੁਤ ਹੀ ਮਿਹਨਤੀ ਅਤੇ ਹੋਣਹਾਰ ਵਿਦਿਆਰਥੀ ਸਨ। ਉਹਨਾਂ ਨੇ ਵਿਭਾਗ ਵਿੱਖੇ ਐਮ.ਏ. ਅੰਗਰੇਜ਼ੀ ਦਾ ਕੋਰਸ ਕੀਤਾ ਹੈ। ਸਾਰੀ ਅਲੂਮਨੀ ਐਸੋਸੀਏਸ਼ਨ ਨੇ ਪਰਗਟ ਸਿੰਘ ਸੀਗੋ ਦੀ ਹਰ ਕਿਸਮ ਨਾਲ ਮੱਦਦ ਕਰਨ ਦਾ ਯਕੀਨ ਦਵਾਇਆ ਤਾਂ ਕਿ ਉਹ ਵਿਭਾਗ ਦੀ ਬਿਹਤਰੀ ਲਈ ਯੋਜਨਾਵਾਂ ਉਲੀਕ ਸਕਣ। ਵਿਭਾਗ ਦੇ ਸਮੂਹ ਅਧਿਆਪਕਾਂ ਅਤੇ ਮੁਖੀ ਡਾ.ਕੁਮਾਰ ਸੁਸ਼ੀਲ ਨੇ ਆਏ ਹੋਏ ਪੁਰਾਣੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਡਾ. ਜਸਵੀਰ ਸਿੰਘ ਹੁੰਦਲ ਕੈਂਪਸ ਡਾਇਰੈਕਟਰ ਨੇ ਅਲੂਮਨੀ ਐਸੋਸੀਏਸ਼ਨ ਅਤੇ ਵਿਭਾਗ ਨੂੰ ਸੁਭਕਾਮਨਾਵਾਂ ਦਿੱਤੀਆਂ। ਇਸ ਮੀਟਿੰਗ ਵਿੱਚ ਵੀਰਪਾਲ ਕੌਰ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ, ਕੇਵਲ ਸਿੰਘ, ਬਲਜਿੰਦਰ ਕੌਰ, ਅਮਨਦੀਪ ਆਦਿ ਵਿਦਿਆਰਥੀਆਂ ਨੇ ਸਮੂਹਲੀਅਤ ਕੀਤੀ।



May, 2022

"Guru Kashi Campus Sahit Sabha" established by Guru Kashi Department of Languages.

www.awazeqaumtv.com | ਵੀਰਵਾਰ, 26 ਮਈ 2022 | ਆਵਾਜ਼ਿ ਕੌਮ AWAZE QAUM

ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਤਲਵੰਡੀ ਸਾਬੋ ਦੁਆਰਾ

# ਗੁਰੂ ਕਾਸ਼ੀ ਕੈਂਪਸ ਸਾਹਿਤ ਸਭਾ ਦੀ ਕੀਤੀ ਗਈ ਸਥਾਪਨਾ

■ ਅਰਸ਼ਦੀਪ ਸਿੰਘ ਬੀ.ਏ. ਭਾਗ ਦੂਜਾ ਨੂੰ ਸਭਾ ਦਾ ਪ੍ਰਧਾਨ, ਕਰਨਦੀਪ ਸੋਨੀ ਐੱਮ.ਏ. ਪੰਜਾਬੀ ਭਾਗ ਪਹਿਲਾ ਨੂੰ ਉਪ-ਪ੍ਰਧਾਨ, ਰਮਨਪ੍ਰੀਤ ਕੌਰ ਬੀ.ਏ. ਭਾਗ ਦੂਜਾ ਨੂੰ ਜਰਨਲ ਸਕੱਤਰ, ਰਾਜਪਾਲ ਸਿੰਘ ਬੀ.ਏ. ਭਾਗ ਦੂਜਾ ਨੂੰ ਸਹਾਇਕ ਸਕੱਤਰ ਅਤੇ ਕਮਲਪ੍ਰੀਤ ਸਿੰਘ ਬੀ.ਏ. ਭਾਗ ਤੀਜਾ ਨੂੰ ਪ੍ਰੈਸ ਸਕੱਤਰ ਲਗਾਇਆ



ਤਲਵੰਡੀ ਸਾਬੋ, 25 ਮਈ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੁਆਰਾ ਇੱਕ ਸਾਹਿਤ ਸਭਾ ਦੀ ਸਥਾਪਨਾ ਕੀਤੀ ਗਈ ਹੈ ਜਿਸਦਾ ਨਾਮ ਗੁਰੂ ਕਾਸ਼ੀ ਕੈਂਪਸ ਸਾਹਿਤ ਸਭਾ ਰੱਖਿਆ ਗਿਆ ਹੈ। ਇਸ ਸਭਾ ਦਾ ਮੁਖ ਮਕਸਦ ਵਿਦਿਆਰਥੀਆਂ ਵਿੱਚ ਸਾਹਿਤ ਪੜ੍ਹਨ ਦੀ ਚੇਟਕ ਲਾਉਣਾ ਹੈ ਤਾਂ ਕਿ ਵੱਧ ਤੋਂ ਵੱਧ ਵਿਦਿਆਰਥੀ ਸਾਹਿਤ ਨਾਲ ਜੁੜ ਸਕਣ। ਇਸ ਤਰ੍ਹਾਂ ਉਹ ਸਕਾਰਾਤਮਕ ਸੋਚ ਦੇ ਧਾਰਨੀ ਹੋਣਗੇ, ਉਹਨਾਂ ਦੀ ਮਾਨਸਿਕਤਾ ਦਾ ਘੇਰਾ ਹੋਰ ਲੰਬਾ ਚੌੜਾ ਹੋਵੇਗਾ ਅਤੇ ਉਹ ਅਧਿਐਨ ਅਤੇ ਚਿੰਤਨ ਕਰਨਾ ਸਿੱਖਣਗੇ। ਜਿਸ ਨਾਲ ਉਹ ਇੱਕ ਚੰਗੇ ਸਮਾਜ ਦੀ ਸਿਰਜਣਾ ਕਰ ਸਕਣਗੇ। ਇਸ ਮਕਸਦ ਨਾਲ ਇੱਥੇ ਇਹ ਸਾਹਿਤ ਸਭਾ ਬਣਾਈ ਗਈ ਹੈ ਜਿਸ ਵਿੱਚ ਕੈਂਪਸ ਦੇ ਪੰਜੇ ਵਿਭਾਗਾਂ ਦੇ ਵਿਦਿਆਰਥੀ ਇਸ ਸਾਹਿਤ ਸਭਾ ਦੇ ਮੈਂਬਰ ਬਣ ਸਕਦੇ ਹਨ। ਜ਼ਿਕਰਯੋਗ ਹੈ ਕਿ ਕੈਂਪਸ ਦੇ ਵਿਦਿਆਰਥੀਆਂ ਵਿਚ ਕਲਾਤਮਕ ਰੁਚੀਆਂ ਜਿਵੇਂ ਕਵਿਤਾ ਲਿਖਣਾ ਨਾਵਲ ਲਿਖਣਾ ਪੇਂਟਿੰਗ ਕਰਨਾ ਆਦਿ ਹਨ। ਇਹ ਪਲੇਟਫਾਰਮ ਮਿਲਣ ਨਾਲ ਉਨ੍ਹਾਂ ਦੀਆਂ ਸਿਰਜਣਾਤਮਕ ਸਮਰੱਥਾਵਾਂ ਵਿੱਚ ਹੋਰ ਵਾਧਾ ਹੋਵੇਗਾ। ਇਹ ਸਾਹਿਤ ਸਭਾ ਸਮੇਂ-ਸਮੇਂ ਤੇ ਵਿਦਿਆਰਥੀਆਂ ਲਈ ਸਾਹਿਤਕ ਪ੍ਰੋਗਰਾਮ, ਲੇਖਕਾਂ ਨਾਲ ਰੂਬਰੂ, ਪੁਸਤਕਾਂ ਤੇ ਪੁਸਤਕ ਚਰਚਾ ਆਦਿ ਕਾਰਜ ਕਰੇਗੀ। ਇਸ ਸਭਾ ਦੀ ਚੋਣ ਹਰ ਸਾਲ ਨਾਲ ਹੋਇਆ ਕਰੇਗੀ। ਇਸ ਵਾਰ ਸ਼ੈਸ਼ਨ 2022-23 ਲਈ ਵੀ ਸਭਾ ਵੀ ਚੋਣ ਸਰਵ-ਸੰਮਤੀ ਨਾਲ ਕੀਤੀ ਗਈ ਹੈ। ਜਿਸ ਵਿੱਚ ਕਿ ਅਰਸ਼ਦੀਪ ਸਿੰਘ ਬੀ.ਏ. ਭਾਗ ਦੂਜਾ ਨੂੰ ਸਭਾ ਦਾ ਪ੍ਰਧਾਨ, ਕਰਨਦੀਪ ਸੋਨੀ ਐੱਮ.ਏ. ਪੰਜਾਬੀ ਭਾਗ ਪਹਿਲਾ ਨੂੰ ਉਪ-ਪ੍ਰਧਾਨ, ਰਮਨਪ੍ਰੀਤ ਕੌਰ ਬੀ.ਏ. ਭਾਗ ਦੂਜਾ ਨੂੰ ਜਰਨਲ ਸਕੱਤਰ, ਰਾਜਪਾਲ ਸਿੰਘ ਬੀ.ਏ. ਭਾਗ ਦੂਜਾ ਨੂੰ ਸਹਾਇਕ ਸਕੱਤਰ ਅਤੇ ਕਮਲਪ੍ਰੀਤ ਸਿੰਘ ਬੀ.ਏ. ਭਾਗ ਤੀਜਾ ਨੂੰ ਪ੍ਰੈਸ ਸਕੱਤਰ ਲਗਾਇਆ ਗਿਆ ਹੈ। ਵਿਦਿਆਰਥੀਆਂ ਦੇ ਨਾਲ ਨਾਲ ਅਧਿਆਪਕ ਕੋਆਰਡੀਨੇਟਰ ਵੀ ਲਗਾਏ ਲਗੇ ਹਨ ਜਿਨ੍ਹਾਂ ਵਿੱਚ ਮੈਡਮ ਸ੍ਰੀਮਤੀ ਦੀਪਕ ਰਾਣੀ ਅਤੇ ਡਾ. ਮਨਮਿੰਦਰ ਕੌਰ ਸ਼ਾਮਿਲ ਹਨ।

ਆਵਾਜ਼ਿ ਕੌਮ
AWAZE QAUM
International Newspaper & WEB TV

ਨਵਾਂ ਜ਼ਮਾਨਾ

# ਦਮਦਮਾ ਸਾਹਿਬ 'ਚ ਹੋਇਆ ਇੱਕ ਹੋਰ ਸਾਹਿਤ ਸਭਾ ਦਾ ਆਗਾਜ਼



ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੁਆਰਾ ਇੱਕ ਸਾਹਿਤ ਸਭਾ ਦੀ ਸਥਾਪਨਾ ਕੀਤੀ ਗਈ ਹੈ, ਜਿਸਦਾ ਨਾਂਅ ਗੁਰੂ ਕਾਸ਼ੀ ਕੈਂਪਸ ਸਾਹਿਤ ਸਭਾ ਰੱਖਿਆ ਗਿਆ ਹੈ। ਇਸ ਸਭਾ ਦਾ ਮੁੱਖ ਮਕਸਦ ਵਿਦਿਆਰਥੀਆਂ ਵਿੱਚ ਸਾਹਿਤ ਪੜ੍ਹਨ ਦੀ ਚੇਟਕ ਲਾਉਣਾ ਹੈ ਤਾਂ ਜੁ ਵੱਧ ਤੋਂ ਵੱਧ ਵਿਦਿਆਰਥੀ ਸਾਹਿਤ ਨਾਲ ਜੁੜ ਸਕਣ। ਇਸ ਤਰ੍ਹਾਂ ਉਹ ਸਕਾਰਾਤਮਕ ਸੋਚ ਦੇ ਧਾਰਨੀ ਹੋਣਗੇ। ਉਨ੍ਹਾਂ ਦੀ ਮਾਨਸਿਕਤਾ ਦਾ ਘੇਰਾ ਹੋਰ ਲੰਬਾ ਚੌੜਾ ਹੋਵੇਗਾ ਤੇ ਉਹ ਅਧਿਐਨ ਅਤੇ ਚਿੰਤਨ ਕਰਨਾ ਸਿੱਖਣਗੇ, ਜਿਸ ਨਾਲ ਉਹ ਇੱਕ ਚੰਗੇ ਸਮਾਜ ਦੀ ਸਿਰਜਣਾ ਕਰ ਸਕਣਗੇ। ਸੋ ਇਸ ਮਕਸਦ ਨਾਲ ਇੱਥੇ ਇਹ ਸਾਹਿਤ ਸਭਾ ਬਣਾਈ ਗਈ ਹੈ, ਜਿਸ ਵਿੱਚ ਕੈਂਪਸ ਦੇ ਪੰਜੇ ਵਿਭਾਗਾਂ ਦੇ ਵਿਦਿਆਰਥੀ ਇਸ ਸਾਹਿਤ ਸਭਾ ਦੇ ਮੈਂਬਰ ਬਣ ਸਕਦੇ ਹਨ। ਜ਼ਿਕਰਯੋਗ ਹੈ ਕਿ ਕੈਂਪਸ ਦੇ ਵਿਦਿਆਰਥੀਆਂ ਵਿੱਚ ਕਲਾਤਮਕ ਰੁਚੀਆਂ ਜਿਵੇਂ ਕਵਿਤਾ ਲਿਖਣਾ ਨਾਵਲ ਲਿਖਣਾ ਪੇਂਟਿੰਗ ਕਰਨਾ ਆਦਿ ਹਨ। ਇਹ ਪਲੇਟਫਾਰਮ ਮਿਲਣ ਨਾਲ ਉਨ੍ਹਾਂ ਦੀਆਂ ਸਿਰਜਣਾਤਮਕ ਸਮਰੱਥਾਵਾਂ ਵਿੱਚ ਹੋਰ ਵਾਧਾ ਹੋਵੇਗਾ। ਸਾਹਿਤ ਸਭਾ ਸਮੇਂ-ਸਮੇਂ 'ਤੇ ਵਿਦਿਆਰਥੀਆਂ ਲਈ ਸਾਹਿਤਕ ਪ੍ਰੋਗਰਾਮ, ਲੇਖਕਾਂ ਨਾਲ ਰੂਬਰੂ, ਪੁਸਤਕਾਂ 'ਤੇ ਪੁਸਤਕ ਚਰਚਾ ਆਦਿ ਕਾਰਜ ਕਰੇਗੀ।

ਇਸ ਸਭਾ ਦੀ ਚੋਣ ਹਰ ਸਾਲ ਨਾਲ ਹੋਇਆ ਕਰੇਗੀ। ਸੋ ਇਸ ਵਾਰ ਸੈਸ਼ਨ 2022-23 ਲਈ ਵੀ ਸਭਾ ਵੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਹੈ, ਜਿਸ ਵਿੱਚ ਅਰਸ਼ਦੀਪ ਸਿੰਘ (ਬੀ.ਏ. ਭਾਗ ਦੂਜਾ) ਨੂੰ ਸਭਾ ਦਾ ਪ੍ਰਧਾਨ, ਕਰਨਦੀਪ ਸੋਨੀ (ਐੱਮ.ਏ. ਪੰਜਾਬੀ ਭਾਗ ਪਹਿਲਾ) ਨੂੰ ਉਪ-ਪ੍ਰਧਾਨ, ਰਮਨਪ੍ਰੀਤ ਕੌਰ (ਬੀ.ਏ. ਭਾਗ ਦੂਜਾ) ਨੂੰ ਜਨਰਲ ਸਕੱਤਰ, ਰਾਜਪਾਲ ਸਿੰਘ (ਬੀ.ਏ. ਭਾਗ ਦੂਜਾ) ਨੂੰ ਸਕਾਇਕ ਸਕੱਤਰ ਤੇ ਕਮਲਪ੍ਰੀਤ ਸਿੰਘ (ਬੀ.ਏ. ਭਾਗ ਤੀਜਾ) ਨੂੰ ਪ੍ਰੈਸ ਸਕੱਤਰ ਲਾਇਆ ਗਿਆ ਹੈ। ਵਿਭਾਗ ਦੇ ਮੁਖੀ ਡਾ. ਕੁਮਾਰ ਸੁਸ਼ੀਲ ਨੇ ਚੁਣੇ ਹੋਏ ਨੁਮਾਇੰਦਿਆਂ ਨੂੰ ਵਧਾਈ ਦਿੱਤੀ ਤੇ ਚੰਗੇ ਕਾਰਜਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕ ਕੋਆਰਡੀਨੇਟਰ ਵੀ ਲਾਏ ਗਏ ਹਨ, ਜਿਨ੍ਹਾਂ ਵਿੱਚ ਮੈਡਮ ਸ੍ਰੀਮਤੀ ਦੀਪਕ ਰਾਣੀ ਤੇ ਡਾ. ਮਨਮਿੰਦਰ ਕੌਰ ਸ਼ਾਮਲ ਹਨ।

Seminar on Devotional Poetry organised by Guru Kashi Department of Languages. Dr Rajinder Kumar Sen from Central University of Punjab was the keynote speaker.

# Seminar on d... votional poetry held at Guru Kashi campus

TALWANDI SABO (ISWAR GARG) : A seminar on devo tional poetry was organized by Guru Kashi Languages De partment at Punjabi University Guru Kashi Campus Talwand Sabo on Thursday. The keynote speaker of this seminar was Rajinder Kumar Sen (Central University of Punjab) (Bathinda), who discussed the origin, development and Bhagat Kabir of devotional poetry. He emphasized that the philosophy of Bhagti Kaal is still relevant today



Dr. Baldev Singh Shergill introduced the key-note speak er to the students and welcomed them. The role of moderato in this seminar was played by Dr. Paildeep. Guru Kashi Lan guages Department Assistant Professor Gurpreet Singh star ed the Q&A session in the seminar. Punjabi University Kash Campus Director Dr. Jasbir Singh Hundal while praising th efforts of the Department of Languages said that such pr grams should be conducted often.

# ਗੁਰੂ ਕਾਸੀ ਭਾਸ਼ਾਵਾਂ ਵਿਭਾਗ ਵਿਖੇ ਭਗਤੀ ਕਾਵਿ ਨਾਲ ਸੰਬੰਧਿਤ ਸੈਮੀਨਾਰ ਸਫਲਤਾ ਪੂਰਵਕ ਸੰਪੰਨ

ਟਾਈਮਜ਼

ਤਲਵੰਡੀ ਸਾਬੋ, ੨੦ ਮਈ (ਪ.ਪ.) : ਪੰਜਾਬੀ ਯੂਨੀਵਰਸਿਟੀ ਗੁਰੂ ਕਾਸੀ ਕੈਂਪਸ ਤਲਵੰਡੀ ਸਾਬੋ ਵਿਖੇ ਗੁਰੂ ਕਾਸੀ ਭਾਸ਼ਾਵਾਂ ਵਿਭਾਗ ਵੱਲੋਂ ਭਗਤੀ ਕਾਵਿ ਨਾਲ ਸੰਬੰਧਿਤ ਮਿਤੀ 19 ਮਈ 2022 ਨੂੰ ਇਕ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਰਾਜਿੰਦਰ ਕੁਮਾਰ ਸੇਨ (ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ) (ਬਠਿੰਡਾ) ਰਹੇ। ਉਨ੍ਹਾਂ ਨੇ ਭਗਤੀ ਕਾਵਿ ਦੀ ਉਤਪਤੀ, ਵਿਕਾਸ ਅਤੇ ਭਗਤ ਕਬੀਰ ਬਾਰੇ ਵਿਚਾਰ ਚਰਚਾ ਕੀਤੀ।

ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਗਤੀ ਕਾਲ ਦਾ ਫਲਸਫਾ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਕ ਹੈ ਡਾ. ਬਲਦੇਵ ਸਿੰਘ ਸੇਰਗਿੱਲ ਜੀ ਨੇ ਵਿਦਿਆਰਥੀਆਂ ਨੂੰ ਮੁੱਖ ਵਕਤਾ ਬਾਰੇ ਜਾਣ ਪਛਾਣ ਕਰਾਈ ਅਤੇ ਉਨ੍ਹਾਂ ਨੂੰ ਜੀ ਆਇਆ ਆਖਿਆ।

ਇਸ ਸੈਮੀਨਾਰ ਵਿੱਚ ਮੰਚ ਦੇ ਸੰਚਾਲਕ ਦੀ ਭੂਮਿਕਾ ਡਾ: ਪਾਈਲਦੀਪ ਨੇ ਨਿਭਾਈ। ਗੁਰੂ ਕਾਸੀ ਭਾਸ਼ਾਵਾਂ ਵਿਭਾਗ ਦੇ ਸਹਾਇਕ ਪ੍ਰੋਫੈਸਰ ਗੁਰਪ੍ਰੀਤ ਸਿੰਘ ਸੈਮੀਨਾਰ ਵਿੱਚ ਪ੍ਰਸ਼ਨ



ਉੱਤਰ ਸੈਸ਼ਨ ਦੀ ਸ਼ੁਰੂਆਤ ਕੀਤੀ।

ਪੰਜਾਬੀ ਯੂਨੀਵਰਸਿਟੀ ਕਾਸੀ ਕੈਂਪਸ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਜੀ ਨੇ ਭਾਸ਼ਾਵਾਂ ਦੇ ਵਿਭਾਗ ਦੇ ਅਜਿਹੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਉਣੇ ਚਾਹੀਦੇ ਹਨ। ਡਾ.. ਸੰਦੀਪ ਰਾਣਾ ਨੇ ਮੁੱਖ ਮਹਿਮਾਨ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।

ਇਸ ਸੈਮੀਨਾਰ ਦੇ ਕੋਆਰਡੀਨੇਟਰ ਡਾ. ਪਾਇਲਦੀਪ ਰਹੇ ਅੰਤ ਵਿਚ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ ਕੁਮਾਰ ਸੁਸ਼ੀਲ ਨੇ ਵਿਦਿਆਰਥੀਆਂ ਅਤੇ ਵਿਭਾਗ ਦੇ ਅਧਿਆਪਕਾਂ ਦਾ ਧੰਨਵਾਦ ਕੀਤਾ ਅਤੇ ਡਾ ਰਾਜਿੰਦਰ ਕੁਮਾਰ ਸੀਨ ਨੂੰ ਦੁਬਾਰਾ ਫਿਰ ਇਸ ਕੈਂਪਸ ਵਿਚ ਆਉਣ ਦਾ ਸੱਦਾ ਦਿੱਤਾ।

## ਮਹਿੰਗਾਈ ਰੋਕਣ ਤੇ ਮਜ਼ਦੂਰਾਂ ਦੀਆਂ ਉਜਰਤਾਂ ਵਧਾ



तलवंडी साबो के पंजाबी विश्वविद्यालय गुरु काशी कैंपस दमदमा साहिब में एक दिवसीय संगोष्ठी के दौरान उपस्थित मुख्य प्रवक्ता डा. राजेंद्र कुमार व स्टाफ ● सौ. विश्वविद्यालय

# संगोष्ठी में भक्ति काल के कवियों और लेखकों के बारे में बताया

**संवाद सूत्र, तलवंडी साबो :** पंजाबी विश्वविद्यालय गुरु काशी कैंपस दमदमा साहिब तलवंडी साबो के गुरु काशी भाषा विभाग की तरफ से 'भक्ति कालः उद्भव, विस्तार और प्रासंगिकता' विषय पर संगोष्ठी करवाई गई। इसके मुख्य प्रवक्ता पंजाब केंद्रीय विश्वविद्यालय के हिंदी विभाग से डा. राजेंद्र कुमार सेन रहे। उन्होंने भक्ति काल पर प्रकाश डालते हुए इस काल के कवियों और लेखकों की विस्तृत जानकारी प्रदान की। डा. बलदेव सिंह शेरगिल ने मुख्य वक्ता की जान पहचान करवाई और उनका स्वागत किया।

उन्होंने बताया कि विद्यार्थियों को साहित्य की ओर प्रेरित करने के उद्देश्य से प्रत्येक महीने ऐसी ही संगोष्ठी का आयोजन किया जाता है। इसमें मंच संचालक की भूमिका डा. पायलदीप ने निभाई। इन्होंने बताया कि हिंदी साहित्य के इतिहास को चार भागों में विभाजित किया गया है और भक्ति काल अन्य कालों की तुलना में अत्यंत महत्वपूर्ण रहा है। पंजाबी विश्वविद्यालय गुरु काशी कैंपस के निदेशक डा. जसबीर सिंह हुंदल ने भाषा विभाग के ऐसे प्रयासों की प्रशंसा करते हुए कहा कि इस तरह के कार्यक्रम निरंतर चलते रहने चाहिए। अंग्रेजी विभाग के सहायक प्राध्यापक डा. भावना शर्मा ने संगोष्ठी के मुख्य अतिथि और विद्यार्थियों का हार्दिक धन्यवाद किया।

One day workshop and a written competition has been organised on the eve of the Birth anniversary of Dr Rabindra Nath Tagore & Saadat Hasan Manto.

ਨਵਾਂ ਜ਼ਮਾਨਾ

## ਟੈਗੋਰ ਤੇ ਮੰਟੋ ਦੇ ਜਨਮ ਦਿਹਾੜੇ ਨੂੰ ਸਮਰਪਤ ਪ੍ਰਤੀਯੋਗਤਾ ਤੇ ਵਰਕਸ਼ਾਪ ਸਫਲਤਾਪੂਰਵਕ ਸੰਪੰਨ

ਤਲਵੰਡੀ ਸਾਬੋ (ਜਗਦੀਪ ਗਿੱਲ)

ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਵੱਲੋਂ ਰਵਿੰਦਰਨਾਥ ਟੈਗੋਰ ਤੇ ਸਆਦਤ ਹਸਨ ਮੰਟੋ ਦੇ ਜਨਮ ਦਿਹਾੜੇ ਨੂੰ ਸਮਰਪਤ ਇਕ ਪ੍ਰਤੀਯੋਗਤਾ ਤੇ ਵਰਕਸ਼ਾਪ ਕਰਵਾਈ ਗਈ। ਇਸ ਪ੍ਰਤੀਯੋਗਤਾ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਡਾ. ਵਿਕਾਸ ਰਾਠੀ (ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ) ਪਹੁੰਚੇ। ਇਨ੍ਹਾਂ ਨੇ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਜਿਵੇਂ ਟੋਬਾ ਟੇਕ ਸਿੰਘ (ਕਹਾਣੀ) ਦੀ ਕਿੱਸਾਗੋਈ ਕੀਤੀ। ਇਸ ਪ੍ਰਤੀਯੋਗਤਾ ਦੇ ਦੂਸਰੇ ਬੁਲਾਰੇ ਪ੍ਰੋ. ਪਰਮਜੀਤ ਸਿੰਘ ਰਮਾਣਾ ਨੇ ਡਾ. ਰਵਿੰਦਰ ਨਾਥ ਟੈਗੋਰ ਤੇ ਸਆਦਤ ਹਸਨ ਮੰਟੋ ਦੇ ਜੀਵਨ ਅਤੇ ਰਚਨਾਵਾਂ ਬਾਰੇ ਚਾਨਣਾ ਪਾਇਆ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ. ਸੁਸ਼ੀਲ ਕੁਮਾਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਾਹਿਤਕ ਚੇਟਕ ਲਗਾਉਣ ਲਈ ਅਤੇ ਉਨ੍ਹਾਂ ਦੀਆਂ ਸਾਹਿਤਕ ਸਿਰਜਣਾਵਾਂ ਨੂੰ ਉਭਾਰਨ ਲਈ ਅਜਿਹੀ ਪ੍ਰਤੀਯੋਗਤਾ ਹਰ ਮਹੀਨੇ ਕਰਵਾਈ ਜਾਂਦੀ ਹੈ। ਇਸ ਪ੍ਰਤੀਯੋਗਤਾ ਵਿੱਚ ਰਵਿੰਦਰ ਨਾਥ ਟੈਗੋਰ ਤੇ ਸਆਦਤ ਹਸਨ ਮੰਟੋ ਜੀਵਨ ਅਤੇ ਸਾਹਿਤਕ ਖੇਤਰ ਨਾਲ ਸਬੰਧਤ 50 ਪ੍ਰਸ਼ਨਾਵਲੀ ਦਾ ਇਕ ਲਿਖਤੀ ਟੈਸਟ ਵੀ ਲਿਆ ਗਿਆ। ਇਸ ਲਿਖਤੀ ਟੈਸਟ ਵਿੱਚ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤੋਂ ਇਲਾਵਾ ਦੂਰੋਂ-ਨੇੜੇ ਦੇ ਕੈਂਪਸ ਜਿਵੇਂ ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ ਝਨੀਰ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਇਸ ਪ੍ਰਤੀਯੋਗਤਾ ਦੇ ਲਿਖਤੀ ਟੈਸਟ ਵਿੱਚੋਂ ਪਹਿਲਾ ਸਥਾਨ ਗੀਤਾ ਰਾਣੀ, ਦੂਸਰਾ ਸਥਾਨ ਸੰਦੀਪ ਕੌਰ ਤੇ ਤੀਸਰਾ ਸਥਾਨ ਚਮਕੌਰ ਸਿੰਘ ਨੇ ਪ੍ਰਾਪਤ ਕੀਤਾ। ਇਸ ਲਿਖਤੀ ਟੈਸਟ ਵਿੱਚੋਂ ਪਹਿਲੇ 20 ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਤੇ ਪ੍ਰਸੰਸਾ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ।



ਇਸ ਪ੍ਰਤੀਯੋਗਤਾ ਵਿੱਚ ਮੰਚ ਸੰਚਾਲਕ ਦੀ ਭੂਮਿਕਾ ਕਰਮਜੀਤ ਸਿੰਘ (ਸਹਾਇਕ ਪ੍ਰੋਫੈਸਰ ਪੰਜਾਬੀ) ਤੇ ਜਸਮੇਲ ਕੌਰ (ਸਹਾਇਕ ਪ੍ਰੋਫੈਸਰ ਪੰਜਾਬੀ) ਨੇ ਨਿਭਾਈ। ਕੈਂਪਸ ਡਾਇਰੈਕਟਰ ਜਸਬੀਰ ਸਿੰਘ ਹੁੰਦਲ ਨੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਲਗਾਤਾਰ ਚੱਲਦੇ ਰਹਿਣੇ ਚਾਹੀਦੇ ਹਨ। ਡਾ. ਸੰਦੀਪ ਰਾਣਾ ਨੇ ਆਏ ਹੋਏ ਮਹਿਮਾਨਾਂ ਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਪ੍ਰਤੀਯੋਗਤਾ ਦੇ ਕੋਆਰਡੀਨੇਟਰ ਗੁਰਜੰਟ ਸਿੰਘ (ਸਹਾਇਕ ਪ੍ਰੋਫੈਸਰ ਪੰਜਾਬੀ), ਜਸਮੇਲ ਕੌਰ (ਸਹਾਇਕ ਪ੍ਰੋਫੈਸਰ ਪੰਜਾਬੀ), ਨਰਿੰਦਰ ਸਿੰਘ ਸਿੱਧੂ (ਸਹਾਇਕ ਪ੍ਰੋਫੈਸਰ ਅੰਗਰੇਜ਼ੀ) ਰਹੇ।



ਮੁੱਖ ਸੰਪਾਦਕ:
ਬਲਵਿੰਦਰ ਸਿੰਘ ਧਾਲੀਵਾਲ

ਆਮ ਲੋਕਾਂ ਦੀ ਅਵਾਜ਼
ਲੋਕ ਭਲਾਈ ਦਾ ਸੁਨੇਹਾ
LBS NEWS LIVE.

www.lbsnews.org www.lokbhalaidasuneha.com www.lbsnews.in Cont.9914246321

RNI No. PUNPUN/ 2011/ 42339 ਐਤਵਾਰ 15 ਮਈ 2022 ਸਾਲ (Year) 11 ਅੰਕ ਨੰਬਰ ( Volume No. 19) E-mail:lokbhalaidasuneha@gmail.com ਪੰਨੇ 08 ਮੁੱਲ 10 ਰੁਪੈ

## ਡਾ.ਰਵਿੰਦਰ ਨਾਥ ਟੈਗੋਰ ਤੇ ਸਆਦਤ ਹਸਨ ਮੰਟੋ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਕ ਪ੍ਰਤੀਯੋਗਤਾ ਤੇ ਵਰਕਸ਼ਾਪ ਸਫਲਤਾਪੂਰਵਕ ਸੰਪੰਨ

ਤਲਵੰਡੀ ਸਾਬੋ 14 ਮਈ (ਰੇਸ਼ਮ ਸਿੰਘ ਦਾਦੂ) ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਵੱਲੋਂ ਰਵਿੰਦਰਨਾਥ ਟੈਗੋਰ ਤੇ ਸਆਦਤ ਹਸਨ ਮੰਟੋ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਕ ਪ੍ਰਤੀਯੋਗਤਾ ਤੇ ਵਰਕਸ਼ਾਪ ਕਰਵਾਈ

ਲੋਕ ਭਲਾਈ ਦਾ ਸੁਨੇਹਾ

ਗਈ। ਇਸ ਪ੍ਰਤੀਯੋਗਤਾ ਵਿਚ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਡਾ. ਵਿਕਾਸ ਰਾਠੀ (ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ) ਪਹੁੰਚੇ। ਇਨ੍ਹਾਂ ਨੇ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਜਿਵੇਂ ਟੋਬਾ ਟੇਕ ਸਿੰਘ (ਕਹਾਣੀ) ਦੀ ਕਿੱਸਾਗੋਈ ਕੀਤੀ ਇਸ ਪ੍ਰਤੀਯੋਗਤਾ ਦੇ ਦੂਸਰੇ ਬੁਲਾਰੇ ਪ੍ਰੋ.ਪਰਮਜੀਤ ਸਿੰਘ ਰਮਾਣਾ ਨੇ ਡਾ. ਰਵਿੰਦਰ ਨਾਥ ਟੈਗੋਰ ਅਤੇ ਸਆਦਤ ਹਸਨ ਮੰਟੋ ਦੇ ਜੀਵਨ ਅਤੇ ਰਚਨਾਵਾਂ ਬਾਰੇ ਚਾਨਣਾ ਪਾਇਆ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ ਸੁਸ਼ੀਲ ਕੁਮਾਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਾਹਿਤਕ ਚੇਟਕ ਲਗਾਉਣ ਲਈ ਅਤੇ ਉਨ੍ਹਾਂ ਦੀਆਂ ਸਾਹਿਤਕ ਸਿਰਜਣਾਵਾਂ ਨੂੰ ਉਭਾਰਨ ਦੇ



ਲਈ ਅਜਿਹੀ ਪ੍ਰਤੀਯੋਗਤਾ ਹਰ ਮਹੀਨੇ ਕਰਵਾਈ ਜਾਂਦੀ ਹੈ। ਇਸ ਪ੍ਰਤੀਯੋਗਤਾ ਵਿਚ ਰਵਿੰਦਰਨਾਥ ਟੈਗੋਰ ਤੇ ਸਆਦਤ ਹਸਨ ਮੰਟੋ ਜੀਵਨ ਅਤੇ ਸਾਹਿਤਕ ਖੇਤਰ ਨਾਲ ਸਬੰਧਿਤ 50 ਪ੍ਰਸਨਾਵਲੀ ਦਾ ਇਕ ਲਿਖਤੀ ਟੈਸਟ ਵੀ ਲਿਆ ਗਿਆ। ਇਸ ਲਿਖਤੀ ਟੈਸਟ ਵਿੱਚ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤੋਂ ਇਲਾਵਾ ਦੂਰੋਂ-ਨੇੜੇ ਦੇ ਕੈਂਪਸ ਜਿਵੇਂ ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ ਝਨੀਰ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਇਸ ਪ੍ਰਤੀਯੋਗਤਾ ਦੇ ਲਿਖਤੀ ਟੈਸਟ ਵਿਚੋਂ ਪਹਿਲਾ ਸਥਾਨ ਗੀਤਾ ਰਾਣੀ( .-2), ਦੂਸਰਾ ਸਥਾਨ ਸੰਦੀਪ ਕੌਰ(ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ ਝੁਨੀਰ)ਅਤੇ ਤੀਸਰਾ ਸਥਾਨ ਚਮਕੌਰ ਸਿੰਘ (.-3)ਨੇ ਪ੍ਰਾਪਤ ਕੀਤਾ। ਇਸ ਲਿਖਤੀ ਟੈਸਟ ਵਿੱਚੋਂ ਪਹਿਲੇ 20 ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਤੇ ਪ੍ਰਸੰਸਾ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ।

ਇਸ ਪ੍ਰਤੀਯੋਗਤਾ ਵਿਚ ਮੰਚ ਸੰਚਾਲਕ ਦੀ ਭੂਮਿਕਾ ਕਰਮਜੀਤ ਸਿੰਘ (ਸਹਾਇਕ ਪ੍ਰੋਫੈਸਰ ਪੰਜਾਬੀ) ਅਤੇ ਜਸਮੇਲ ਕੌਰ (ਸਹਾਇਕ ਪ੍ਰੋਫੈਸਰ ਪੰਜਾਬੀ) ਨੇ ਨਿਭਾਈ ਕੈਂਪਸ। ਡਾਇਰੈਕਟਰ ਜਸਬੀਰ ਸਿੰਘ ਹੁੰਦਲ ਨੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਲਗਾਤਾਰ ਚੱਲਦੇ ਰਹਿਣੇ ਚਾਹੀਦੇ ਹਨ ਡਾ. ਸੰਦੀਪ ਰਾਣਾ ਨੇ ਆਏ ਹੋਏ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਪ੍ਰਤੀਯੋਗਤਾ ਦੇ ਕੋਆਰਡੀਨੇਟਰ ਗੁਰਜੰਟ ਸਿੰਘ (ਸਹਾਇਕ ਪ੍ਰੋਫੈਸਰ ਪੰਜਾਬੀ), ਜਸਮੇਲ ਕੌਰ (ਸਹਾਇਕ ਪ੍ਰੋਫੈਸਰ ਪੰਜਾਬੀ), ਨਰਿੰਦਰ ਸਿੰਘ ਸਿੱਧੂ (ਸਹਾਇਕ ਪ੍ਰੋਫੈਸਰ ਅੰਗਰੇਜੀ) ਰਹੇ।


PUNJABI UNIVERSITY PATIALA
ਪ੍ਰਤੀਯੋਗਤਾ ਅਤੇ ਵਰਕਸ਼ਾਪ
13 ਮਈ 10:00-11:00 ਅਤੇ 11:30-12:30
ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ
(ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ)
ਵੱਲੋਂ
ਡਾ.ਰਾਬਿੰਦਰਨਾਥ ਟੈਗੋਰ ਅਤੇ ਸਆਦਤ ਹਸਨ ਮੰਟੋ ਦੇ ਜਨਮ
ਦਿਹਾੜੇ ਨੂੰ ਸਮਰਪਿਤ ਇੱਕ ਪ੍ਰਤੀਯੋਗਤਾ ਅਤੇ ਵਰਕਸ਼ਾਪ
ਡਾ.ਵਿਕਾਸ ਰਾਠੀ (ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ)
ਸਥਾਨ :ਸੈਮੀਨਾਰ ਹਾਲ (ਪੁਰਾਣੀ ਬਿਲਡਿੰਗ)
ਡਾ.ਸੁਸ਼ੀਲ ਕੁਮਾਰ (ਮੁਖੀ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ)
ਕੋਆਰਡੀਨੇਟਰ: ਗੁਰਜੰਟ ਸਿੰਘ,ਜਸਮੇਲ ਕੌਰ ਅਤੇ ਨਰਿੰਦਰ ਸਿੰਘ
ਸੰਪਰਕ
:8558859561

A Seminar organised by Guru Kashi Department of Languages dedicated to 'Birha Da Sultan' Shiv Kumar Batalvi.



# 'ਬਿਰਹਾ ਦੇ ਸੁਲਤਾਨ' ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਇਕ ਰੋਜ਼ਾ ਸੈਮੀਨਾਰ ਕਰਵਾਇਆ

ਤਲਵੰਡੀ ਸਾਬੋ, 6 ਮਈ (ਗੁਰਜੰਟ ਸਿੰਘ ਨਥੇਹਾ)– ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਵੱਲੋਂ 'ਬਿਰਹਾ ਦੇ ਸੁਲਤਾਨ' ਸ਼ਿਵ ਕੁਮਾਰ ਬਟਾਲਵੀ ਨੂੰ ਯਾਦ ਕਰਦਿਆਂ ਇਕ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸ਼ਿਵ ਕੁਮਾਰ ਬਟਾਲਵੀ ਦੇ ਸਾਹਿਤਕ ਖੇਤਰ ਬਾਰੇ ਚਾਨਣਾ ਪਾਉਣਾ ਸੀ ਅਤੇ ਵਿਦਿਆਰਥੀਆਂ ਨੂੰ ਸਾਹਿਤ ਪੜ੍ਹਨ ਲਈ ਉਤਸ਼ਾਹਿਤ ਕਰਨਾ ਸੀ। ਇਸ ਸੈਮੀਨਾਰ ਵਿਚ ਵਿਦਿਆਰਥੀਆਂ ਵੱਲੋਂ ਸ਼ਿਵ ਕੁਮਾਰ ਦੇ ਜੀਵਨ ਅਤੇ ਸਾਹਿਤਕ ਖੇਤਰ ਵਿੱਚ ਯੋਗਦਾਨ ਬਾਰੇ ਲੈਕਚਰ ਦਿੱਤੇ ਗਏ, ਇਸ ਸੈਮੀਨਾਰ ਵਿਚ ਵਿਦਿਆਰਥੀਆਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਦੇ ਸਾਹਿਤਕ ਕਵਿਤਾਵਾਂ ਦਾ ਗਾਇਨ ਕੀਤਾ ਗਿਆ ਅਤੇ ਉਨ੍ਹਾਂ ਦੇ ਸਾਹਿਤਕ ਗੀਤਾਂ ਨੂੰ ਗਾਇਆ ਗਿਆ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ. ਸੁਸ਼ੀਲ ਕੁਮਾਰ ਨੇ ਆਏ ਹੋਏ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਨੂੰ ਜੀ ਆਇਆ ਆਖਿਆ। ਡਾ. ਬਲਜਿੰਦਰ ਕੌਰ ਯਾਦਵਿੰਦਰਾ

ਆਵਾਜ਼ਿ ਕੌਮ
AWAZE QAUM
International Newspaper & WEB TV

April, 2022

One day Seminar dedicated to the Foundation Day of Punjabi University Patiala has been organised by Guru Kashi Department of Languages & Guru Kashi Department of Social Sciences. Dr Jagrup Singh Sekhon from GNDU Amritsar was the keynote Speaker.

# ਪੰਜਾਬੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਸਥਾਪਨਾ ਦਿਵਸ ਨੂੰ ਸਮਰਪਿਤ ਇਕ ਰੋਜ਼ਾ ਸੈਮੀਨਾਰ





ਤਲਵੰਡੀ ਸਾਬੋ, 1 ਮਈ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਅਤੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਸਹਿਯੋਗ ਨਾਲ ਪੰਜਾਬੀ ਯੂਨੀਵਰਸਿਟੀ 61ਵਾਂ ਸਥਾਪਨਾ ਦਿਵਸ ਨੂੰ ਸਮਰਪਿਤ ਇਕ ਰੋਜ਼ਾ ਸੈਮੀਨਾਰ ਮਿਤੀ 30 ਅਪ੍ਰੈਲ 2022 ਨੂੰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਸਮਕਾਲੀ ਪੰਜਾਬ ਦੇ ਰਾਜਨੀਤਿਕ ਮੁੱਦਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਵਿਚਾਰ ਚਰਚਾ ਦੇ ਮੁੱਖ ਬੁਲਾਰੇ ਜਗਰੂਪ ਸਿੰਘ ਸੇਖੋਂ (ਰਿਟਾਇਰ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਰਹੇ। ਇਨ੍ਹਾਂ ਨੇ ਸਮਕਾਲੀ ਪੰਜਾਬ ਦੀ ਰਾਜਨੀਤੀ ਦੇ ਪਹਿਲੂਆਂ ਨੂੰ ਛੂਹਿਆ ਜਿਵੇਂ ਬੇਰੁਜ਼ਗਾਰੀ, ਪੰਜਾਬ ਦੀ ਕਿਸਾਨੀ, ਪੰਜਾਬ ਦੀ ਆਰਥਿਕ ਸਥਿਤੀ ਅਤੇ ਪੰਜਾਬ ਦੀਆਂ ਸਮਕਾਲੀ ਰਾਜਨੀਤਕ ਪਾਰਟੀਆਂ ਦੇ ਏਜੰਡਿਆਂ ਬਾਰੇ ਆਪਣੇ ਵਿਚਾਰ ਦਿੱਤੇ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਦੇ ਇਨ੍ਹਾਂ ਮੁੱਦਿਆਂ ਨੂੰ ਸੁਧਾਰਨ ਦੇ ਲਈ ਸਾਨੂੰ ਇੱਕ ਰਾਜਨੀਤਕ ਵਿਚਾਰਧਾਰਾ ਦੀ ਲੋੜ ਹੈ ਅਤੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੀ ਰਾਜਨੀਤੀ ਵਿੱਚ ਸਮੇਂ ਸਮੇਂ ਤੇ ਭਾਗੀਦਾਰ ਬਣਨਾ ਪਵੇਗਾ ਤਾਂ ਹੀ ਪੰਜਾਬ ਦੇ ਰਾਜਨੀਤਿਕ ਮੁੱਦਿਆਂ ਦਾ ਹੱਲ ਹੋ ਸਕਦਾ ਹੈ। ਗੁਰੂ ਕਾਸ਼ੀ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਨੇ ਆਪਣੇ ਸਵਾਗਤੀ ਭਾਸ਼ਣ ਰਾਹੀਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ. ਸੁਸ਼ੀਲ ਕੁਮਾਰ ਨੇ ਆਪਣੇ ਭਾਸ਼ਣ ਰਾਹੀਂ ਆਏ ਹੋਏ ਮਹਿਮਾਨਾਂ ਨੂੰ ਗੁਰੂ ਕਾਸ਼ੀ ਕੈਂਪਸ ਬਾਰੇ ਜਾਣਕਾਰੀ ਦਿੱਤੀ ਅਤੇ ਸਟੇਜ ਸੰਚਾਲਕ ਦੀ ਭੂਮਿਕਾ ਨਿਭਾਈ। ਇਸ ਸੈਮੀਨਾਰ ਵਿੱਚ ਡਾ. ਕੁਲਦੀਪ ਸਿੰਘ ਮਾਨ ਨੇ ਆਪਣੇ ਸਵਾਲ ਨਾਲ ਸਵਾਲ- ਜਵਾਬ ਸੈਸ਼ਨ ਦੀ ਸ਼ੁਰੂਆਤ ਕੀਤੀ। ਇਸ ਸੈਮੀਨਾਰ ਦਾ ਪ੍ਰਧਾਨਗੀ ਭਾਸ਼ਣ ਡਾ. ਇਕਬਾਲ ਸਿੰਘ ਨੇ ਦਿੱਤਾ। ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਸਿਰਫ਼ ਪਾਰਟੀ ਨਹੀਂ ਸਗੋਂ ਉਸ ਦੀ ਇਕ ਵਿਚਾਰਧਾਰਾ ਵੀ ਹੈ। ਡਾ. ਬਲਦੇਵ ਸਿੰਘ ਨੇ ਆਏ ਹੋਏ ਮਹਿਮਾਨ ਦੀ ਸ਼ਖ਼ਸੀਅਤ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਸੋਸ਼ਲ ਸਾਇੰਸਜ਼ ਵਿਭਾਗ ਦੇ ਮੁਖੀ ਡਾ.ਅਮਨਦੀਪ ਸਿੰਘ ਸੇਖੋਂ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਬਾਰੇ ਵਿਦਿਆਰਥੀਆਂ ਨੂੰ ਚਾਨਣਾ ਪਾਇਆ। ਉਨ੍ਹਾਂ ਨੇ ਦੱਸਿਆ ਕਿ ਇਹ ਹਿਬਰੂ ਯੂਨੀਵਰਸਿਟੀ ਤੋਂ ਬਾਅਦ ਭਾਸ਼ਾ ਦੇ ਆਧਾਰ ਤੇ ਬਣਨ ਵਾਲੀ ਦੂਸਰੀ ਯੂਨੀਵਰਸਿਟੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਹੈ ਡਾ. ਸੰਦੀਪ ਰਾਣਾ, ਡਾ. ਸੁਨੀਤਾ ਸਿੰਘ, ਡਾ. ਭਾਵਨਾ ਸ਼ਰਮਾ, ਪ੍ਰੋ. ਦੀਪਕ ਰਾਣੀ ਗਿਰਧਰ, ਡਾ. ਮਨਵਿੰਦਰ ਕੌਰ, ਡਾ. ਵੀਰਪਾਲ ਕੌਰ, ਪ੍ਰੋ. ਕਰਮਜੀਤ ਸਿੰਘ, ਪ੍ਰੋ. ਅੰਮ੍ਰਿਤ ਕੌਰ,

ਆਵਾਜ਼ਿ ਕੌਮ
AWAZE QAUM
International Newspaper & WEB TV

# ਨਵਾਂ ਜ਼ਮਾਨਾ

## ਪੰਜਾਬੀ ਯੂਨੀਵਰਸਿਟੀ ਸਥਾਪਨਾ ਦਿਵਸ ਨੂੰ ਸਮਰਪਤ ਇਕ ਰੋਜ਼ਾ ਸੈਮੀਨਾਰ

ਤਲਵੰਡੀ ਸਾਬੋ (ਜਗਦੀਪ ਗਿੱਲ)

ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਵਿਖੇ ਗੁਰੂ ਕਾਸ਼ੀ ਸੋਸ਼ਲ ਸਾਇੰਸਜ ਵਿਭਾਗ ਅਤੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਸਹਿਯੋਗ ਨਾਲ ਪੰਜਾਬੀ ਯੂਨੀਵਰਸਿਟੀ 61ਵਾਂ ਸਥਾਪਨਾ ਦਿਵਸ ਨੂੰ ਸਮਰਪਤ ਇਕਰੋਜ਼ਾ ਸੈਮੀਨਾਰ ਕਰਾਇਆ ਗਿਆ। ਸੈਮਿਨਾਰ ਵਿੱਚ ਸਮਕਾਲੀ ਪੰਜਾਬ ਦੇ ਰਾਜਨੀਤਿਕ ਮੁੱਦਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਵਿਚਾਰ ਚਰਚਾ ਦੇ ਮੁੱਖ ਬੁਲਾਰੇ ਜਗਰੂਪ ਸਿੰਘ ਸੇਖੋਂ (ਰਿਟਾਇਰ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਰਹੇ। ਇਨ੍ਹਾਂ ਨੇ ਸਮਕਾਲੀ ਪੰਜਾਬ ਦੀ ਰਾਜਨੀਤੀ ਦੇ ਪਹਿਲੂਆਂ ਨੂੰ ਛੂਹਿਆ ਜਿਵੇਂ ਬੇਰੁਜ਼ਗਾਰੀ, ਪੰਜਾਬ ਦੀ ਕਿਸਾਨੀ, ਪੰਜਾਬ ਦੀ ਆਰਥਿਕ ਸਥਿਤੀ ਤੇ ਪੰਜਾਬ ਦੀਆਂ ਸਮਕਾਲੀ ਰਾਜਨੀਤਕ ਪਾਰਟੀਆਂ ਦੇ ਏਜੰਡਿਆਂ ਬਾਰੇ ਆਪਣੇ ਵਿਚਾਰ ਦਿੱਤੇ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਇਨ੍ਹਾਂ ਮੁੱਦਿਆਂ ਨੂੰ ਸੁਧਾਰਨ ਦੇ ਲਈ ਸਾਨੂੰ ਇੱਕ ਰਾਜਨੀਤਕ ਵਿਚਾਰਧਾਰਾ ਦੀ ਲੋੜ ਹੈ ਅਤੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੀ ਰਾਜਨੀਤੀ ਵਿੱਚ ਸਮੇਂ ਸਮੇਂ ਤੇ ਭਾਗੀਦਾਰ ਬਣਨਾ ਪਵੇਗਾ ਤਾਂ ਹੀ ਪੰਜਾਬ ਦੇ ਰਾਜਨੀਤਿਕ ਮੁੱਦਿਆਂ ਦਾ ਹੱਲ ਹੋ ਸਕਦਾ ਹੈ। ਗੁਰੂ ਕਾਂਸ਼ੀ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਨੇ ਆਪਣੇ ਸਵਾਗਤੀ ਭਾਸ਼ਣ ਰਾਹੀਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਗੁਰੂ ਕਾਸ਼ੀ ਭਾਸਾਵਾਂ ਵਿਭਾਗ ਦੇ ਮੁਖੀ ਡਾ. ਸੁਸ਼ੀਲ ਕੁਮਾਰ ਨੇ ਆਪਣੇ ਭਾਸ਼ਣ ਰਾਹੀਂ ਆਏ ਹੋਏ ਮਹਿਮਾਨਾਂ ਨੂੰ ਗੁਰੂ ਕਾਸ਼ੀ ਕੈਂਪਸ ਬਾਰੇ ਜਾਣਕਾਰੀ ਦਿੱਤੀ ਅਤੇ ਸਟੇਜ ਸੰਚਾਲਕ ਦੀ ਭੂਮਿਕਾ ਨਿਭਾਈ। ਸੈਮੀਨਾਰ ਵਿੱਚ ਡਾ. ਕੁਲਦੀਪ ਸਿੰਘ ਮਾਨ ਨੇ ਆਪਣੇ ਸਵਾਲਾਂ ਨਾਲ ਸਵਾਲ-ਜਵਾਬ ਸੈਸ਼ਨ ਦੀ ਸ਼ੁਰੂਆਤ ਕੀਤੀ। ਸੈਮੀਨਾਰ ਦਾ ਪ੍ਰਧਾਨਗੀ ਭਾਸ਼ਣ ਡਾ. ਇਕਬਾਲ ਸਿੰਘ ਨੇ ਦਿੱਤਾ। ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਸਿਰਫ਼ ਪਾਰਟੀ ਨਹੀਂ, ਸਗੋਂ ਉਸ ਦੀ ਇਕ ਵਿਚਾਰਧਾਰਾ ਵੀ ਹੈ। ਡਾ. ਬਲਦੇਵ ਸਿੰਘ ਨੇ ਆਏ ਹੋਏ ਮਹਿਮਾਨ ਦੀ ਸ਼ਖਸੀਅਤ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ। ਸੋਸ਼ਲ ਸਾਇੰਸਜ ਵਿਭਾਗ ਦੇ ਮੁਖੀ ਡਾ. ਅਮਨਦੀਪ ਸਿੰਘ ਸੇਖੋਂ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਬਾਰੇ ਵਿਦਿਆਰਥੀਆਂ ਨੂੰ ਚਾਨਣਾ ਪਾਇਆ। ਉਨ੍ਹਾਂ ਨੇ ਦੱਸਿਆ ਕਿ ਇਹ ਹਿਬਰੂ ਯੂਨੀਵਰਸਿਟੀ ਤੋਂ ਬਾਅਦ ਭਾਸ਼ਾ ਦੇ ਆਧਾਰ 'ਤੇ ਬਣਨ ਵਾਲੀ ਦੂਜੀ ਯੂਨੀਵਰਸਿਟੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਹੈ।



ਡਾ. ਸੰਦੀਪ ਰਾਣਾ, ਡਾ. ਸੁਨੀਤਾ ਸਿੰਘ, ਡਾ. ਭਾਵਨਾ ਸ਼ਰਮਾ, ਪ੍ਰੋ ਦੀਪਕ ਰਾਣੀ ਗਿਰਧਰ, ਡਾ. ਮਨਵਿੰਦਰ ਕੌਰ, ਡਾ. ਵੀਰਪਾਲ ਕੌਰ, ਪ੍ਰੋ ਕਰਮਜੀਤ ਸਿੰਘ, ਪ੍ਰੋ ਅੰਮ੍ਰਿਤ ਕੌਰ, ਡਾ ਪਾਇਲ ਦੀਪ ਕੌਰ, ਗੁਰਪ੍ਰੀਤ ਸਿੰਘ, ਉਦੇਸ਼ਵਰ ਸਿੰਘ, ਰੂਬਲ ਸ਼ਰਮਾ, ਪ੍ਰੋਫੈਸਰ ਗਿੱਲ ਨੇ ਹਿੱਸਾ ਲਿਆ। ਸੈਮੀਨਾਰ ਦਾ ਉਚੇਚੇ ਤੌਰ 'ਤੇ ਪ੍ਰਬੰਧ ਗੁਰਜੰਟ ਸਿੰਘ (ਸਹਾਇਕ ਪ੍ਰੋਫੈਸਰ ਪੰਜਾਬੀ), ਨਰਿੰਦਰ ਸਿੰਘ ਸਿੱਧੂ (ਸਹਾਇਕ ਪ੍ਰੋਫੈਸਰ ਇੰਗਲਿਸ਼) ਤੇ ਜਸਮੇਲ ਕੌਰ (ਸਹਾਇਕ ਪ੍ਰੋਫੈਸਰ ਪੰਜਾਬੀ) ਨੇ ਕੀਤਾ।

# PUNJABI UNIVERSITY GURU KASHI CAMPUS
# DAMDAMA SAHIB (TALWANDI SABO)

CELEBRATING 61ST FOUNDATION DAY OF
PUNJABI UNIVERSITY PATIALA

**Distinguished Lecture Series**

## Issues in Contemporary Punjab Politics

Jagrup Singh Sekhon

(Retd. Prof. GNDU Amritsar)



**GURU KASHI DEPARTMENT OF SOCIAL SCIENCES**

**&**

**GURU KASHI DEPARTMENT OF LANGUAGES**

**Schedule**

30th April 2022

11.30AM (Guru Kashi Seminar Hall)

| Kumar Sushil<br>Head | Amandeep Singh<br>Incharge | Jasbir S Hundal<br>Campus Director |
|---|---|---|

A competitive exam has been conducted on the Birth anniversary of William Shakespeare by Guru Kashi Department of Languages. Dr Neetu Arora from University College, Ghudda was the keynote speaker.





ਮੁੱਖ ਸੰਪਾਦਕ:
ਬਲਵਿੰਦਰ ਸਿੰਘ ਧਾਲੀਵਾਲ

ਆਮ ਲੋਕਾਂ ਦੀ ਅਵਾਜ਼

# ਲੋਕ ਭਲਾਈ ਦਾ ਸੁਨੇਹਾ

LBS NEWS LIVE.

A Leading Punjabi newspaper & Web News Channel

www.lbsnews.org www.lokbhalaidasuneha.com www.lbsnews.in Cont.9914246321

RNI No. PUNPUN/ 2011/ 42339 ਐਤਵਾਰ 24 ਅਪ੍ਰੈਲ 2022 ਸਾਲ (Year) 11 ਅੰਕ ਨੰਬਰ ( Volume No. 17) E-mail:lokbhalaidasuneha@gmail.com ਪੰਨੇ 08 ਮੁੱਲ 10 ਰੁਪੈ

## ਵਿਲੀਅਮ ਸ਼ੈਕਸਪੀਅਰ ਦੇ ਜਨਮ ਦਿਹਾੜੇ (26 ਅਪ੍ਰੈਲ 1564) ਨੂੰ ਸਮਰਪਿਤ ਪ੍ਰਤੀਯੋਗਤਾ ਸਫਲਤਾਪੂਰਵਕ ਸੰਪੰਨ





**ਤਲਵੰਡੀ ਸਾਬੋ 22 ਅਪ੍ਰੈਲ (ਰੇਸ਼ਮ ਸਿੰਘ ਦਾਦੂ)** ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਵਿਲੀਅਮ ਸ਼ੈਕਸਪੀਅਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਕ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ। ਵਿਲੀਅਮ ਸ਼ੈਕਸਪੀਅਰ ਵਿਸ਼ਵ ਸਾਹਿਤ ਦੇ ਪ੍ਰਮੁੱਖ ਸਾਹਿਤਕਾਰਾਂ 'ਚ ਸ਼ੁਮਾਰ ਹਨ। ਇਨ੍ਹਾਂ ਦੀਆਂ ਕਵਿਤਾਵਾਂ ਅਤੇ ਨਾਟਕ ਵੱਖੋ-ਵੱਖਰੀਆਂ ਜਮਾਤਾਂ ਦੇ ਸਿਲੇਬਸ 'ਚ ਪੜ੍ਹਾਏ ਜਾਂਦੇ ਹਨ।

ਵਿਦਿਆਰਥੀਆਂ ਨੂੰ ਸ਼ੈਕਸਪੀਅਰ ਦੀ ਜਿੰਦਗੀ ਅਤੇ ਲਿਖਤਾਂ ਨਾਲ ਜਾਣੂੰ ਕਰਵਾਉਣ ਅਤੇ ਸਾਹਿਤ ਪੜ੍ਹਨ ਲਈ ਪ੍ਰੇਰਿਤ ਕਰਨ ਦੇ ਮਕਸਦ ਨਾਲ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਵੱਲੋਂ ਮਿਤੀ 22 ਅਪ੍ਰੈਲ 2022 ਨੂੰ ਵਿਲੀਅਮ ਸ਼ੈਕਸਪੀਅਰ ਦੇ ਜਨਮ ਦਿਹਾੜੇ ਸਬੰਧੀ ਇਕ ਪ੍ਰਤੀਯੋਗਤਾ

ਲੋਕ ਭਲਾਈ ਦਾ ਸੁਨੇਹਾ

ਕਰਵਾਈ ਗਈ। ਇਸ ਪ੍ਰਤੀਯੋਗਤਾ ਦੇ ਮੁੱਖ ਮਹਿਮਾਨ ਡਾ. ਨੀਤੂ ਅਰੋੜਾ ਰਹੇ ਉਹਨਾਂ ਨੇ ਵਿਦਿਆਰਥੀਆਂ ਨੂੰ ਸਾਹਿਤਕ ਰਚਨਾਵਾਂ ਲਿਖਣ ਲਈ ਪ੍ਰੇਰਿਤ ਕੀਤਾ ਅਤੇ ਸਾਹਿਤਕ ਰਚਨਾ ਨੂੰ ਲਿਖਣ ਦੇ ਲਈ ਕਲਾਤਮਿਕ ਨੁਕਤੇ ਵੀ ਦੱਸੇ। ਉਨ੍ਹਾਂ ਨੇ ਆਪਣੀਆਂ ਨਜਮਾਂ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ. ਸੁਸ਼ੀਲ ਕੁਮਾਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।

ਇਸ ਪ੍ਰਤੀਯੋਗਤਾ ਦਾ ਪ੍ਰਧਾਨਗੀ ਭਾਸ਼ਣ ਗੁਰੂ ਕਾਸ਼ੀ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਨੇ ਦਿੱਤਾ। ਇਸ ਪ੍ਰਤੀਯੋਗਤਾ ਵਿਚ 40 ਪ੍ਰਸਨ ਸ਼ੈਕਸਪੀਅਰ ਦੀਆਂ ਲਿਖਤਾਂ ਤੇ ਆਧਾਰਿਤ ਸਨ। ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਇਸ ਪ੍ਰਤੀਯੋਗਤਾ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ ਸਰਟੀਫਿਕੇਟ ਪ੍ਰਸ਼ੰਸਾ ਪੱਤਰ ਦਿੱਤਾ ਗਿਆ। ਪਹਿਲਾ ਸਥਾਨ ਕੁਲਵੀਰ ਸਿੰਘ (.-3), ਦੂਸਰਾ ਸਥਾਨ ਨਵਪ੍ਰੀਤ ਕੌਰ (.-1)ਅਤੇ ਤੀਸਰਾ ਸਥਾਨ ਜਸ਼ਨਦੀਪ ਕੌਰ (.-3) ਨੇ ਪ੍ਰਾਪਤ ਕੀਤਾ।

ਇਸ ਪ੍ਰਤੀਯੋਗਤਾ ਦੇ ਕੋਆਰਡੀਨੇਟਰ ਅਸਿਸਟੈਂਟ ਪ੍ਰੋਫੈਸਰ ਗੁਰਪ੍ਰੀਤ ਸਿੰਘ ਤੇ ਅਸਿਸਟੈਂਟ ਪ੍ਰੋਫੈਸਰ ਉਦੇਸ਼ਵਰ ਉਦੇ ਸਿੰਘ ਰਹੇ। ਅਸਿਸਟੈਂਟ ਪ੍ਰੋਫੈਸਰ ਗੁਰਪ੍ਰੀਤ ਸਿੰਘ ਨੇ ਸੰਚਾਲਕ ਦੀ ਭੂਮਿਕਾ ਨਿਭਾਈ ਅਤੇ ਅਸਿਸਟੈਂਟ ਪ੍ਰੋਫੈਸਰ ਉਦੇਸ਼ਵਰ ਉਦੇ ਸਿੰਘ ਨੇ ਆਪਣੀਆਂ ਕਵਿਤਾਵਾਂ ਰਾਹੀਂ ਵਿਦਿਆਰਥੀਆਂ ਨੂੰ ਸਾਹਿਤ ਪ੍ਰਤੀ ਉਤਸ਼ਾਹਿਤ ਕੀਤਾ। ਡਾ. ਕੁਲਦੀਪ ਸਿੰਘ ਮਾਨ ਨੇ ਆਏ ਹੋਏ ਮਹਿਮਾਨਾਂ ਦਾ ਅਤੇ ਸਮੂਹ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# पीयू गुरु काशी में विलियम शेक्सपियर के जन्मदिन को समर्पित प्रतियोगिता करवाई

**संवाद सूत्र, तलवंडी साबो**: विलियम शेक्सपियर के जन्मदिन को समर्पित प्रतियोगिता का आयोजन पंजाबी विश्वविद्यालय गुरु काशी कैंपस दमदमा साहिब में किया गया। इस मौके पर मुख्य मेहमान के तौर पर डा. नीतु अरोड़ा ने शिरकत की।

उन्होंने विद्यार्थियों को साहित्यिक कृतियों को लिखने के लिए प्रोत्साहित किया। गुरु काशी भाषा विभाग के प्रमुख डा. सुशील कुमार ने मुख्य मेहमानों का स्वागत किया। गुरु काशी कैंपस के डायरेक्टर डा. जसबीर सिंह हुंदल ने प्रधानगी भाषण प्रस्तुत किया। प्रतियोगिता में 40 प्रश्न शेक्सपियर के लेखन पर आधारित थे। प्रथम स्थान कुलवीर सिंह, दूसरा स्थान नवप्रीत कौर और तीसरा स्थान जशनदीप कौर ने प्राप्त किया। इस प्रतियोगिता के कोआर्डिनेटर सहायक प्रो. गुरप्रीत सिंह और उदयेश्वर उदै सिंह रहे। सहायक प्रो. गुरप्रीत सिंह ने मंच संचालक और सहायक प्रोफेसर उदेश्वर उदै सिंह ने कविता के माध्यम से विद्यार्थियों को साहित्य के प्रति प्रोत्साहित किया।



तलवंडी साबो स्थित पंजाबी विश्वविद्यालय गुरु काशी कैंपस दमदमा साहिब में प्रतियोगिता के विजेता विद्यार्थियों को सम्मानित करते हुए डा. जसबीर सिंह हुंदल व अन्य • सौ. विश्वविद्यालय

Punjabi Sahit Academy and Guru Kashi Department of Languages, Punjabi University Guru Kashi Campus Damdama Sahib, Talwandi Sabo organized a One-day National Seminar under the title "Historiography of Punjabi Translation" at Punjabi University Guru Kashi Campus Talwandi Sabo on March 31, 2022. The purpose of this seminar is to document the changing trends in Punjabi translation over time, as well as to define the ages/periods after carefully analyzing the works that have been translated to or from Punjabi. Keynote speech has been delivered by Prof Akshay Kumar (Panjab University Chandigarh) and Prof Rajesh Sharma (Punjabi University Patiala) will deliver Valedictory address. Besides, Sarabjeet Kaur Sohal (President, PSA), Prof Ravel Singh (Delhi Uni), Daljit Ami (Director, EMRC), Satish Verma (PU Patiala), Paramjit Ramana (GKDL Talwandi Sabo), Parmod Kumar (IGNOU), Kuldeep Deep (Dramatist).

# ਨਵਾਂ ਜ਼ਮਾਨਾ

## ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਵੱਲੋਂ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ

ਤਲਵੰਡੀ ਸਾਬੋ (ਜਗਦੀਪ ਗਿੱਲ)

ਪੰਜਾਬ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਵਿਖੇ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ 'ਪੰਜਾਬੀ ਅਨੁਵਾਦ ਦੀ ਇਤਿਹਾਸਕਾਰੀ' ਵਿਸ਼ੇ 'ਤੇ ਆਯੋਜਤ ਕੀਤਾ ਗਿਆ।



ਸੈਮੀਨਾਰ ਦਾ ਸਵਾਗਤੀ ਭਾਸ਼ਣ ਕੈਂਪਸ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਨੇ ਦਿੱਤਾ। ਭਾਸ਼ਣ ਵਿੱਚ ਉਨ੍ਹਾਂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਡਾ. ਸਤੀਸ਼ ਕੁਮਾਰ ਵਰਮਾ ਨੇ ਆਪਣੇ ਭਾਸ਼ਣ ਰਾਹੀਂ ਪੰਜਾਬੀ ਅਨੁਵਾਦ ਦੀ ਇਤਿਹਾਸਕਾਰੀ ਕਰਦਿਆਂ ਆਉਂਦੀਆਂ ਸਮੱਸਿਆਵਾਂ ਜਿਵੇਂ ਸਰੋਤ ਭਾਸ਼ਾ ਦੀ ਅਗਿਆਨਤਾ ਆਦਿ ਸਮੱਸਿਆ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਪਹਿਲਾਂ ਵੱਖ-ਵੱਖ ਸੰਸਥਾਵਾਂ ਵੱਲੋਂ ਜੋ ਅਨੁਵਾਦ ਕਰਾਏ ਗਏ ਹਨ, ਉਹ ਸੰਸਥਾਵਾਂ ਰਾਹੀਂ ਕਰਵਾਏ ਗਏ ਸਨ, ਪਰ ਹੁਣ ਜੋ ਨਵੀਂ ਪੀੜ੍ਹੀ ਵੱਲੋਂ ਅਨੁਵਾਦ ਕਰਾਏ ਜਾ ਰਹੇ ਹਨ। ਉਨ੍ਹਾਂ ਵਿੱਚ ਸਰੋਤ ਭਾਸ਼ਾ ਦੇ ਅਗਿਆਨ ਦੀ ਸਮੱਸਿਆ ਬਹੁਤ ਹੀ ਜ਼ਿਆਦਾ ਹੈ। ਉਨ੍ਹਾਂ ਨੇ ਨਾਲ ਹੀ ਦੱਸਿਆ ਕਿ ਜੇਕਰ ਤੁਸੀਂ ਇਕ ਚੰਗਾ ਅਨੁਵਾਦ ਕਰਨਾ ਚਾਹੁੰਦੇ ਹੋ ਤੇ ਪੰਜਾਬੀ ਭਾਸ਼ਾ ਨੂੰ ਵਿਸ਼ਵ ਦੀ ਭਾਸ਼ਾ ਬਣਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਹੋਰਨਾਂ ਭਾਸ਼ਾਵਾਂ ਦਾ ਗਿਆਨ ਵੀ ਹਾਸਲ ਕਰਨਾ ਪਵੇਗਾ।

ਪ੍ਰੋਫੈਸਰ ਅਕਸ਼ੈ ਕੁਮਾਰ ਨੇ ਮੁੱਖ ਸੁਰ ਭਾਸ਼ਣ ਦਿੰਦੇ ਹੋਏ ਕਿਹਾ ਕਿ ਅਨੁਵਾਦ ਮਹਿਜ਼ ਭਾਸ਼ਾਈ ਕਾਰਜ ਨਾ ਹੋ ਕੇ ਸੱਭਿਆਚਾਰਕ ਕਾਰਜ ਹੈ। ਉਨ੍ਹਾਂ ਅੱਗੇ ਕਿਹਾ ਕਿ ਅਨੁਵਾਦ ਨੂੰ ਸਾਹਿਤ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਡਾ. ਕੁਲਦੀਪ ਸਿੰਘ ਦੀਪ ਨੇ ਦੱਸਿਆ ਕਿ ਪੰਜਾਬੀ ਨਾਟਕ ਦੀ ਇਤਿਹਾਸਕਾਰੀ ਦਾ ਅਨੁਵਾਦ ਅਜੇ ਅਧੂਰਾ ਹੈ, ਕਿਉਂਕਿ ਨਾਟਕ ਦੇ ਖੇਤਰ ਵਿੱਚ ਅਨੁਵਾਦ ਬਾਕੀ ਸਾਹਿਤ ਦੇ ਮੁਕਾਬਲੇ ਬਹੁਤ ਹੀ ਘੱਟ ਹੋਇਆ ਹੈ, ਜੋ ਅਨੁਵਾਦ ਨਾਟਕ ਦੇ ਖੇਤਰ ਵਿੱਚ ਹੋਇਆ ਹੈ। ਉਨ੍ਹਾਂ ਦੀਆਂ ਸਾਨੂੰ ਮੁੱਖ ਲਿਖਤਾਂ ਪ੍ਰਾਪਤ ਨਹੀਂ ਹੋਈਆਂ। ਸੈਮੀਨਾਰ ਦੇ ਬੁਲਾਰੇ ਤਰਸੇਮ ਨੇ ਅਨੁਵਾਦ ਬਾਰੇ ਮੂਲ ਟਿੱਪਣੀਆਂ ਸਾਂਝੀਆਂ ਕੀਤੀਆਂ। ਸੈਮੀਨਾਰ ਵਿੱਚ ਇਗਨੋ ਨਵੀਂ ਦਿੱਲੀ ਤੋਂ ਪ੍ਰੋਫੈਸਰ ਪ੍ਰਮੋਦ ਕੁਮਾਰ ਨੇ ਇਸ ਸੈਸ਼ਨ ਦੀ ਪ੍ਰਧਾਨਗੀ ਕੀਤੀ। ਇਸ ਤੋਂ ਇਲਾਵਾ ਦਿਲਜੀਤ ਅਮੀ ਡਾਇਰੈਕਟਰ ਈ.ਐਮ.ਆਰ.ਸੀ, ਕੇਂਦਰੀ ਵਿਸਵ ਵਿਦਿਆਲਿਆ ਤੋਂ ਵਿਕਾਸ ਰਾਠੀ, ਪ੍ਰਿਥਵੀ ਰਾਜ ਤੇ ਸਨੀ ਕੁਮਾਰ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਪ੍ਰੋਫੈਸਰ ਰਾਜੇਸ਼ ਸ਼ਰਮਾ ਨੇ ਵਿਦਾਇਗੀ ਭਾਸ਼ਣ ਦਿੰਦੇ ਹੋਏ ਅਨੁਵਾਦ ਨੂੰ ਅਰਸਤੂ ਤੇ ਪਲੈਟੋ ਦੇ ਸਿਧਾਂਤਾਂ ਰਾਹੀਂ ਸਮਝਣ ਦੀ ਗੱਲ ਕਹੀ। ਪ੍ਰੋ. ਪਰਮਜੀਤ ਸਿੰਘ ਰਮਾਣਾ ਨੇ ਕਿਹਾ ਕਿ ਅਨੁਵਾਦ ਦੀ ਓਨਾ ਸਮਾਂ ਕੋਈ ਅਹਿਮੀਅਤ ਨਹੀਂ, ਜਿੰਨਾ ਸਮਾਂ ਉਹ ਆਮ ਲੋਕਾਂ ਤੱਕ ਨਹੀਂ ਪਹੁੰਚਦਾ।

ਸੈਮੀਨਾਰ ਦੇ ਸਮਾਪਤੀ ਸੈਸ਼ਨ ਵਿੱਚ ਮੁੱਖ ਮਹਿਮਾਨ ਦੇ ਤੌਰ ਦੇ ਪਹੁੰਚੇ ਪ੍ਰੋ.ਬਲਜਿੰਦਰ ਕੌਰ (ਤਲਵੰਡੀ ਸਾਬੋ) ਨੇ ਇਸ ਕੈਂਪਸ ਦੇ ਵਿਕਾਸ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸੈਮੀਨਾਰ ਦੇ ਸੈਸ਼ਨਾਂ ਦੌਰਾਨ ਸਟੇਜ ਸੰਚਾਲਕ ਦੀ ਭੂਮਿਕਾ ਡਾ. ਸੁਨੀਤਾ ਰਾਣੀ, ਡਾ. ਸੰਦੀਪ ਰਾਣਾ, ਡਾ. ਦੀਪਕ ਰਾਣੀ ਤੇ ਡਾ. ਭਾਵਨਾ ਸ਼ਰਮਾ ਨੇ ਨਿਭਾਈ ਅਤੇ ਦੂਜੇ ਅਧਿਆਪਕਾਂ ਨੇ ਸੈਮੀਨਾਰ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਵਧ-ਚੜ੍ਹ ਕੇ ਸਹਿਯੋਗ ਦਿੱਤਾ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ. ਕੁਮਾਰ ਸੁਸ਼ੀਲ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਲਿੱ ਧੰਨਵਾਦ ਕੀਤਾ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਪਹੁੰਚੀਆਂ ਹੋਈਆਂ ਸ਼ਖ਼ਸੀਅਤਾਂ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਾਇਆ।

Releasing the book of Dr. Payaldeep (Assistant Professor, Department of Languages, Punjabi University, Guru Kashi Campus, Damdama Sahib) Dr. Jasbir Singh Hundal (Campus Director) Dr. Kumar Sushil (Head, Department of Languages), Amandeep Singh Sekhon (Incharge, dept.of Social Sciences), Assistant Professor Dr. Baldev Singh Shergill and other faculty members of Department of Languages .



A two day workshop dedicated to Women's Day was conducted at Punjabi University Guru Kashi Campus Damdama Sahib Talwandi Sabo. It is to be mentioned that this has been organized by the students at their level.



Guru Kashi Department of Languages, Punjabi University Guru Kashi Campus, Damdama Sahib Talwandi Sabo conducted a one day seminar on Importance and Future of Mother Tongue.

ਨਵਾਂ ਜ਼ਮਾਨਾ

# ਮਾਂ ਬੋਲੀ ਨੂੰ ਸਮਰਪਤ ਸੈਮੀਨਾਰ 25 ਨੂੰ

## ਸੁਕੀਰਤ, ਜਸ ਮੰਡ ਤੇ ਕੰਵਲਜੀਤ ਹੋਣਗੇ ਮੁੱਖ ਬੁਲਾਰੇ

ਤਲਵੰਡੀ ਸਾਬੋ (ਜਗਦੀਪ ਗਿੱਲ)

ਮਾਂ ਬੋਲੀ ਮਾਂ ਦੇ ਦੁੱਧ ਵਾਂਗ ਮਿਠੀ, ਪਿਆਰੀ ਤੇ ਸਚਿਆਰੀ ਹੈ। ਇਸ ਸਭ ਦਾ ਅਹਿਸਾਸ ਮਾਂ ਬੋਲੀ ਨਾਲ ਸੱਚੇ ਦਿਲੋਂ ਪਿਆਰ ਕਰਕੇ ਹੀ ਹੁੰਦਾ ਹੈ। ਮਾਂ ਬੋਲੀ ਸਾਡੀ ਸ਼ਖ਼ਸੀਅਤ ਦਾ ਇੱਕ ਅਤੁੱਟ ਅੰਗ ਹੁੰਦੀ ਹੈ। ਮਾਂ ਬੋਲੀ ਕਿਸੇ ਜਾਤ, ਧਰਮ, ਰੰਗ ਜਾਂ ਨਸਲ ਦੀ ਨਹੀਂ ਹੁੰਦੀ, ਸਗੋਂ ਕਿਸੇ ਖਿੱਤੇ ਦੇ ਲੋਕਾਂ ਦੀ ਸਾਂਝੀ ਮਾਂ ਬੋਲੀ ਹੁੰਦੀ ਹੈ, ਜੋ ਖਿੱਤੇ ਦੇ ਲੋਕਾਂ ਨੂੰ ਆਪਸ ਵਿੱਚ ਜੋੜ ਕੇ ਰੱਖਦੀ ਹੈ। ਮਾਂ ਬੋਲੀ ਦਿਹਾੜਾ ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਦੀ ਦੇਣ ਹੈ। ਪੂਰਬੀ ਬੰਗਾਲ, ਜਿਸ ਨੂੰ ਪੂਰਬੀ ਪਾਕਿਸਤਾਨ ਕਿਹਾ ਜਾਂਦਾ ਸੀ। ਉੱਥੇ ਪੱਛਮੀ ਪਾਕਿਸਤਾਨ ਵਾਲੇ ਉਰਦੂ ਤੇ ਫਾਰਸੀ ਲਾਗੂ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਦੀ ਮਾਂ ਬੋਲੀ ਬੰਗਾਲੀ ਸੀ ਤੇ ਉਨ੍ਹਾਂ ਨੇ ਇਸ ਗੱਲ ਦਾ ਡਟ ਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਮਾਂ ਬੋਲੀ ਦੇ ਸਨਮਾਨ ਲਈ ਵਿੱਢੇ ਇਸ ਸੰਘਰਸ਼ ਨੂੰ ਸਰਕਾਰ ਨੇ ਸਖਤੀ ਨਾਲ ਦਬਾਉਣਾ ਸ਼ੁਰੂ ਕਰ ਦਿੱਤਾ ਤੇ ਸ਼ਾਂਤੀ ਨਾਲ ਮੁਜ਼ਾਹਰਾ ਕਰ ਰਹੇ ਮਾਤ ਭਾਸ਼ਾ ਪ੍ਰੇਮੀਆਂ 'ਤੇ ਸੁਰੱਖਿਆ ਫੋਰਸਾਂ ਵੱਲੋਂ 21 ਫਰਵਰੀ 1952 ਨੂੰ ਗੋਲੀ ਚਲਾਈ ਗਈ, ਜਿਸ ਵਿੱਚ ਅਨੇਕਾਂ ਵਿਦਿਆਰਥੀ ਸ਼ਹੀਦ ਹੋ ਗਏ।

ਮਾਤ ਭਾਸ਼ਾ ਪ੍ਰੇਮੀਆਂ ਅੰਦਰ ਵਿਦਰੋਹ ਦੀ ਚਿੰਗਾੜੀ ਭਖਦੀ ਰਹੀ ਤੇ 1971 ਵਿੱਚ ਭਾਂਬੜ ਬਣ ਕੇ ਉੱਠੀ ਤੇ ਬੰਗਲਾ ਦੇਸ਼ ਬਣ ਗਿਆ। 21 ਫਰਵਰੀ 1972 ਨੂੰ ਜਨਰਲ ਕਾਨਫਰੰਸ ਵਿੱਚ ਯੁਨੈਸਕੋ ਵੱਲੋਂ 21 ਫਰਵਰੀ ਨੂੰ ਮਾਂ ਬੋਲੀ ਦਿਹਾੜੇ ਵਜੋਂ ਮਨਾਉਣ ਦਾ ਸਮਰਥਨ ਦੇ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਮਾਂ ਬੋਲੀ ਦਿਵਸ ਨੂੰ ਸਮਰਪਤ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ 25 ਫਰਵਰੀ ਨੂੰ ਗੁਰੂ ਕਾਸ਼ੀ ਸੈਮੀਨਾਰ ਹਾਲ ਵਿਖੇ ਕਰਾਇਆ ਜਾ ਰਿਹਾ ਹੈ। ਸੈਮੀਨਾਰ 'ਚ ਮੁੱਖ ਬੁਲਾਰੇ ਸੁਕੀਰਤ, ਜਸ ਮੰਡ ਤੇ ਕੰਵਲਜੀਤ ਪਹੁੰਚ ਰਹੇ ਹਨ। ਸੁਕੀਰਤ ਪੰਜਾਬੀ ਆਲੋਚਕ, ਕਹਾਣੀਕਾਰ, ਅਨੁਵਾਦਕ ਤੇ 'ਨਵਾਂ ਜ਼ਮਾਨਾ' ਦਾ ਕਾਲਮ ਨਵੀਸ ਹੈ ਤੇ ਉਨ੍ਹਾਂ ਨੇ ਆਲ ਇੰਡੀਆ ਰੇਡੀਓ ਨਵੀਂ ਦਿੱਲੀ ਵਿਖੇ ਅਨੁਵਾਦਕ ਤੇ ਪ੍ਰਸਾਰਕ ਦੇ ਤੌਰ 'ਤੇ ਵੀ ਕੰਮ ਕੀਤਾ। ਕੰਵਲਜੀਤ ਦਰਸ਼ਨ ਸ਼ਾਸਤਰ ਦੇ ਵਿਦਿਆਰਥੀ ਹੋਣ ਦੇ ਨਾਲ-ਨਾਲ ਇੱਕ ਉੱਘੇ ਰਾਜਨੀਤਕ ਵਿਸ਼ਲੇਸ਼ਕ ਵੀ ਹਨ। ਜਸ ਮੰਡ ਇਕ ਉੱਘੇ ਲੇਖਕ ਤੇ ਪੱਤਰਕਾਰ ਹਨ। ਸੈਮੀਨਾਰ ਵਿੱਚ ਵਿਦਿਆਰਥੀਆਂ ਨੂੰ ਮਾਂ ਬੋਲੀ ਦੇ ਮਹੱਤਵ ਦੇ ਭਵਿੱਖ ਬਾਰੇ ਜਾਗਰੂਕ ਕੀਤਾ ਜਾਵੇਗਾ। ਕੈਂਪਸ ਡਾਇਰੈਕਟਰ ਜਸਬੀਰ ਸਿੰਘ ਹੁੰਦਲ ਨੇ ਵਿਭਾਗ ਨੂੰ ਸੈਮੀਨਾਰ ਕਰਾਉਣ ਲਈ ਸ਼ੁਭਕਾਮਨਾਵਾਂ ਪੇਸ਼ ਕੀਤੀਆਂ।

Three Day Workshop on Understanding Gender Equality in the Contemporary World.






# ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਵਿਦਿਆਰਥੀਆਂ ਨੂੰ ਲਿੰਗ-ਬਰਾਬਰੀ ਦੇ ਵਿਸ਼ੇ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਪਹਿਲਕਦਮੀ ਕਰਦਿਆਂ ਤਿੰਨ-ਤਿੰਨ ਦਿਨਾਂ ਦੀਆਂ ਤਿੰਨ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾ ਰਿਹਾ

ਡੀ ਡੀ ਐੱਸ ਨਿਊਜ਼ ਪੰਜਾਬੀ

ਤਲਵੰਡੀ ਸਾਬੋ 29 ਨਵੰਬਰ

(ਜਸਬੀਰ ਸਿੱਧੂ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਵਿਦਿਆਰਥੀਆਂ ਨੂੰ ਲਿੰਗ-ਬਰਾਬਰੀ ਦੇ ਵਿਸ਼ੇ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਪਹਿਲਕਦਮੀ ਕਰਦਿਆਂ ਤਿੰਨ-ਤਿੰਨ ਦਿਨਾਂ ਦੀਆਂ ਤਿੰਨ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾ ਰਿਹਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋਫ਼ੈਸਰ ਅਰਵਿੰਦ ਨੇ ਕਿਹਾ ਕਿ ਸਾਡਾ ਮੁੱਖ ਮਕਸਦ ਗਰੀਬ, ਪਛੜੇ, ਪੇਂਡੂ ਅਤੇ ਲੜਕੀਆਂ ਨੂੰ ਖਾਸ ਤਰਜੀਹ ਦਿੰਦੇ ਹੋਏ ਉਨ੍ਹਾਂ ਨੂੰ ਸਿੱਖਿਅਤ ਕਰਨਾ ਹੈ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਲੜੀ ਦੀ ਤੀਸਰੀ ਵਰਕਸ਼ਾਪ ਦਾ ਆਯੋਜਨ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਮਿਤੀ 2, 3, ਅਤੇ 4 ਦਸੰਬਰ ਨੂੰ ਕੀਤਾ ਜਾ ਰਿਹਾ ਹੈ। ਇਹ ਵਰਕਸ਼ਾਪ ਦਿੱਲੀ ਅਧਾਰਿਤ ਪੰਜਾਬੀ ਮੂਲ ਦੀ ਜਗਤ ਪ੍ਰਸਿੱਧ ਨਾਰੀਵਾਦੀ ਕਾਰਕੁਨ ਕਮਲਾ ਭਸੀਨ, ਜਿਨ੍ਹਾਂ ਦੀ ਇਸੇ ਸਾਲ ਕੈਂਸਰ ਕਾਰਨ ਮੌਤ ਹੋ ਗਈ ਸੀ, ਦੀ ਯਾਦ ਨੂੰ ਸਮਰਪਿਤ ਹੈ ਜੋ ਕਿ ਉਨ੍ਹਾਂ ਦੇ ਹੀ ਅਦਾਰੇ 'ਜਾਗੋਰੀ' ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਇਸ ਵਰਕਸ਼ਾਪ ਦੌਰਾਨ ਵੱਖ-ਵੱਖ ਵਿਸ਼ਾ ਮਾਹਿਰਾਂ ਵੱਲੋਂ ਵਿਸ਼ੇਸ਼ ਤੌਰ ਸਿਖਲਾਈ ਦਿੱਤੀ ਜਾਵੇਗੀ ਕਿ ਕਿਸ ਤਰ੍ਹਾਂ ਸਾਡੀ ਮਾਨਸਿਕਤਾ ਵਿੱਚੋਂ ਲਿੰਗ ਅਧਾਰ ਉੱਪਰ ਹੋਣ ਵਾਲੇ ਵਿਤਕਰੇ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਇੰਚਾਰਜ ਡਾ. ਸੁਸ਼ੀਲ ਕੁਮਾਰ ਜੀ ਵੱਲੋਂ ਦੱਸਿਆ ਗਿਆ ਕਿ ਕਮਲਾ ਭਸੀਨ ਔਰਤਾਂ ਦੇ ਮਸਲਿਆਂ ਨੂੰ ਕੌਮਾਂਤਰੀ ਪੱਧਰ ਉੱਪਰ ਚੁੱਕਣ ਵਾਲੇ ਇੱਕ ਉੱਘੇ ਲੇਖਕ ਅਤੇ ਸਮਾਜਿਕ ਕਾਰਕੁਨ ਸਨ ਜਿਨ੍ਹਾਂ ਵੱਲੋਂ ਔਰਤਾਂ ਦੇ ਵੱਖ-ਵੱਖ ਮਸਲਿਆਂ ਨੂੰ ਚੁੱਕਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਸੀ। ਉਨ੍ਹਾਂ ਦੱਸਿਆ ਕਿ ਇਸ ਵਰਕਸ਼ਾਪ ਵਿਚ 100 ਦੇ ਕਰੀਬ ਵਿਦਿਆਰਥੀ ਸ਼ਿਰਕਤ ਕਰ ਰਹੇ ਹਨ ਜਿਨ੍ਹਾਂ ਨੂੰ ਨਾਟਕ, ਗੀਤ, ਚਿੱਤਰਕਾਰੀ ਆਦਿ ਵੱਖ-ਵੱਖ ਗਤੀਵਿਧੀਆਂ ਨਾਲ ਇਸ ਵਿਸ਼ੇ ਪ੍ਰਤੀ ਸਿੱਖਿਅਤ ਅਤੇ ਸੰਵੇਦਨਸ਼ੀਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਨਾਰੀ ਅੰਦੋਲਨ ਜਿੱਥੋਂ ਤਕ ਪਹੁੰਚਣਾ ਚਾਹੀਦਾ ਸੀ ਉੱਥੇ ਤਕ ਪਹੁੰਚ ਨਹੀਂ ਸਕਿਆ। 'ਜਾਗੋਰੀ' ਸੰਸਥਾ ਤੋਂ ਪਹੁੰਚੇ ਵਿਸ਼ਾ ਮਾਹਿਰਾਂ ਵੱਲੋਂ ਵਿਦਿਆਰਥੀਆਂ ਨਾਲ ਆਪੋ ਆਪਣੇ ਤਰੀਕੇ ਰਾਹੀਂ ਸੰਵਾਦ ਰਚਾਇਆ ਜਾਵੇਗਾ। ਇਨ੍ਹਾਂ ਮਾਹਿਰਾਂ ਵਿਚ ਮੈਡਮ ਖਦੀਜਾ ਫ਼ਾਰੂਕੀ, ਐਡਵੋਕੇਟ ਅਤੇ ਸਮਾਜਿਕ ਕਾਰਕੁਨ ਅਤੇ ਮੈਡਮ ਜ਼ਰੀਨਾ, ਥੀਏਟਰ ਕਾਰਕੁਨ ਸ਼ਾਮਿਲ ਹੋਣਗੇ ਇਸ ਵਰਕਸ਼ਾਪ ਵਿਚ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਦੇ ਡਾਇਰੈਕਟਰ ਦਲਜੀਤ ਅਮੀ ਵੀ ਸ਼ਾਮਿਲ ਹੋਣਗੇ . ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਸੀਨੀਅਰ ਅਧਿਆਪਕ ਡਾ ਸੰਦੀਪ ਰਾਣਾ ਨੇ ਦੱਸਿਆ ਕਿ ਇਸ ਵਰਕਸ਼ਾਪ ਨੂੰ ਲੈ ਕੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ

A "*Rubru*" was organized by Guru Kashi Department of Languages with the emerging young writer Chitta Sidhu alias Sandeep Sidhu. The function was presided over by scholarly writer Jaspal Mankhera. Dr. Sushil Kumar incharge of the department welcomed all the scholars present and Dr. Manminder Kaur talked to the speaker Sandeep Sidhu about his book and the process of creation. Jaspal Mankhera Ji encouraged the students to take inspiration from this young writer to read literature.

# ਨਵਾਂ ਜ਼ਮਾਨਾ

## ਯੂਨੀਵਰਸਿਟੀ ਦੱਖਣੀ ਕੈਂਪਸ 'ਚ ਤੀਸਰਾ ਸਾਹਿਤਕ ਸਮਾਗਮ



ਤਲਵੰਡੀ ਸਾਬੋ (ਜਗਦੀਪ ਗਿੱਲ)- ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸਾਊਥ ਕੈਂਪਸ ਤਲਵੰਡੀ ਸਾਬੋ ਵਿੱਚ ਹੋਰਨਾਂ ਵਿਭਾਗਾਂ ਤੋਂ ਇਲਾਵਾ ਭਾਸ਼ਾਵਾਂ ਵਿਭਾਗ ਤੇ ਸੋਸ਼ਲ ਸਾਇੰਸਿਜ਼ ਵਿਭਾਗ ਵੀ ਹਨ। ਖ਼ੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਦੋਵਾਂ ਵਿਭਾਗਾਂ ਦੇ ਮੁਖੀ ਬਹੁਤ ਹੀ ਯੋਗ, ਕਰਮਯੋਗੀ, ਸੁਲਝੇ ਹੋਏ ਵਿਦਵਾਨ ਡਾ. ਕੁਮਾਰ ਸੁਸ਼ੀਲ ਤੇ ਪ੍ਰੋ. ਅਮਨਦੀਪ ਸਿੰਘ ਸੇਖੋਂ ਹਨ, ਜੋ ਸਾਹਿਤ, ਇਤਿਹਾਸ ਤੇ ਸੰਘਰਸ਼ ਦੇ ਖੇਤਰ ਦੀਆਂ ਪ੍ਰਸਿੱਧ ਸ਼ਖਸੀਅਤਾਂ ਹਨ। ਜਦੋਂ ਦਾ ਭਾਸ਼ਾਵਾਂ ਵਿਭਾਗ ਬਣਿਆ ਹੈ, ਮਹੀਨੇ ਅੰਦਰ ਤਿੰਨ ਸਾਹਿਤਕ ਪ੍ਰੋਗਰਾਮ ਕਰ ਚੁੱਕਾ ਹੈ। ਇਸ ਦਾ ਤੀਜਾ ਪ੍ਰੋਗਰਾਮ ਨੌਜਵਾਨ ਵਾਰਤਕਕਾਰ ਸੰਦੀਪ ਸਿੱਧੂ ਉਰਫ ਚਿੱਟਾ ਸਿੱਧੂ ਦਾ ਰੂਬਰੂ ਸੀ, ਜੋ 24 ਸਤੰਬਰ ਨੂੰ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਖਚਾਖਚ ਭਰੇ ਸੈਮੀਨਾਰ ਹਾਲ ਵਿੱਚ ਹੋਇਆ। ਇਸ ਸਮਾਗਮ ਦੀ ਪ੍ਰਧਾਨਗੀ ਮਾਲਵਾ ਦੇ ਮਸ਼ਹੂਰ ਲੇਖਕ ਜਸਪਾਲ ਮਾਨਖੇੜਾ ਨੇ ਕੀਤੀ। ਇਸ ਦਾ ਮੰਚ ਸੰਚਾਲਨ ਪ੍ਰੋ. ਸੰਦੀਪ ਰਾਣਾ ਨੇ ਬਾਖ਼ੂਬੀ ਕੀਤਾ। ਡਾ. ਕੁਮਾਰ ਸੁਸ਼ੀਲ ਨੇ ਸਭਨਾਂ ਨੂੰ ਜੀ ਆਇਆਂ ਕਹਿੰਦਿਆਂ ਵਿਭਾਗ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਦੱਸਿਆ।

ਰੂਬਰੂ ਦੀ ਹੋਸਟ ਪ੍ਰੋ. ਮਨਮਿੰਦਰ ਕੌਰ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸਵਾਲ ਤਿਆਰ ਕੀਤੇ ਸਨ ਅਤੇ ਗੱਲਬਾਤ ਨੂੰ ਰੌਚਿਕ ਢੰਗ ਨਾਲ ਸਰੋਤਿਆਂ ਦੇ ਰੂਬਰੂ ਲਿਆਂਦਾ। ਰੂਬਰੂ ਦੇ ਮਹਿਮਾਨ ਸੰਦੀਪ ਸਿੱਧੂ ਉਰਫ ਚਿੱਟਾ ਸਿੱਧੂ ਨੇ ਸਰੋਤਿਆਂ ਦੇ ਸਨਮੁੱਖ ਹੁੰਦੇ ਦੱਸਿਆ ਕਿ ਉਸ ਦੀ ਮੁਹੱਬਤ ਪੂਰ ਨਾ ਚੜ੍ਹਨ ਕਰਕੇ ਉਹ ਲੇਖਕ ਬਣਿਆ। ਉਸ ਦੀ ਵਾਰਤਕ ਪੁਸਤਕ 'ਦੋ ਢਾਈ ਸਾਲ' ਉਸ ਦੀ ਮੁਹੱਬਤ ਦਾ ਸਵੈ ਬਿਰਤਾਂਤ ਹੈ। ਉਸ ਦੀ ਯੂਨੀਵਰਸਿਟੀ ਪੜ੍ਹਾਈ ਸਮੇਂ ਉਸ ਦੇ ਮਨ ਦੀਆਂ ਤਾਰਾਂ, ਜਿਨ੍ਹ ਦੋ ਦੋਸਤ ਕੁੜੀਆਂ ਨਾਲ ਜੁੜੀਆਂ, ਉਨ੍ਹਾਂ ਨਾਲ ਪਿਆਰ ਭਾਵੇਂ ਪ੍ਰਵਾਨ ਨਹੀਂ ਚੜ੍ਹਿਆ, ਪਰ ਜ਼ਿੰਦਗੀ ਜਿਊਣ ਲਈ ਸੋਹਜ ਤੇ ਸਹਿਜ ਦਿੱਤਾ ਹੈ। ਸੰਦੀਪ ਸਿੱਧੂ ਨੇ ਵਿਸਥਾਰ ਨਾਲ ਆਪਣੀ ਪੁਸਤਕ ਵਿੱਚੋਂ ਹਵਾਲੇ ਦੇ ਕੇ ਖ਼ੂਬ ਗੱਲਾਂ ਕੀਤੀਆਂ। ਵਿਦਿਆਰਥੀਆਂ ਨੇ ਵੀ ਸੰਦੀਪ ਸਿੱਧੂ ਨੂੰ ਸਵਾਲ ਕੀਤੇ। ਪ੍ਰਧਾਨਗੀ ਭਾਸ਼ਨ ਵਿੱਚ ਜਸਪਾਲ ਮਾਨਖੇੜਾ ਨੇ ਭਾਸ਼ਾਵਾਂ ਵਿਭਾਗ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਾਲਵਾ ਖਿੱਤੇ ਵਿੱਚ ਯੂਨੀਵਰਸਿਟੀ ਕੈਂਪਸ ਬਣਨ ਨਾਲ ਵਿਦਿਆਰਥੀਆਂ ਨੂੰ ਅਕਾਦਮਿਕ ਫਾਇਦੇ ਨਾਲ ਕੋਮਲ ਕਲਾਵਾਂ ਦੇ ਖੇਤਰ ਵਿੱਚ ਵੀ ਲਾਭ ਹੋਵੇਗਾ। ਮਾਨਖੇੜਾ ਨੇ ਸੰਦੀਪ ਸਿੱਧੂ ਨਾਲ ਆਪਣੇ ਪਿੰਡਾਂ ਦੀ ਸਾਂਝ ਦਾ ਜ਼ਿਕਰ ਕਰਦਿਆਂ ਉਸ ਦੀ ਪੁਸਤਕ 'ਦੋ ਢਾਈ ਸਾਲ' ਦੇ ਲਗਾਤਾਰ ਦੋ ਐਡੀਸ਼ਨ ਛਪ ਜਾਣ ਦੀ ਖ਼ੁਸ਼ੀ ਵੀ ਸਾਂਝੀ ਕੀਤੀ। ਜਸਪਾਲ ਮਾਨਖੇੜਾ ਨੇ ਭੁੱਖ ਤੇ ਮੁਹੱਬਤ ਦੀ ਗੱਲ ਕਰਦਿਆਂ ਕਿਹਾ ਕਿ ਜੋ ਸਮਾਜ ਭੁੱਖ 'ਤੇ ਕਾਬੂ ਪਾ ਲੈਂਦੇ ਹਨ, ਮੁਹੱਬਤਾਂ ਉਥੇ ਹੀ ਪ੍ਰਵਾਨ ਚੜ੍ਹਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਅਤ ਹੋਣ, ਸੰਗਠਿਤ ਹੋਣ ਤੇ ਸੰਘਰਸ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਸੰਸਾਰ ਪੱਧਰ ਉੱਤੇ ਮਿਸਾਲ ਬਣੇ ਕਿਸਾਨ ਘੋਲ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਅੰਤ 'ਤੇ ਨੌਜਵਾਨ ਕਵੀਆਂ ਗੁਰਤੇਜ ਸਿੰਘ ਤੇ ਮਨਜਿੰਦਰ ਮਾਖਾ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਸ ਰੂਬਰੂ ਵਿੱਚ ਵਿਭਾਗ ਦੇ ਸਮੂਹ ਅਧਿਆਪਕਾਂ ਦੇ ਨਾਲ ਡੇਢ ਸੌ ਦੇ ਕਰੀਬ ਵਿਦਿਆਰਥੀ ਹਾਜ਼ਰ ਸਨ।

CMYK

Second Publication by the students and research scholars of Department of Languages, Punjabi University Guru Kashi Campus



Punjabi University Guru Kashi Campus Talwandi Sabo celeberated Teachers Day on 5 Sep 2021




Zoom Meeting
Recording
Original Sound: Off
LIVE
on Facebook
Chat
From Dr. Gurvinder Sin... to Everyone: 11:26 AM
not getting voice
From Hassan sardar to Everyone: 11:26 AM
Happy Teacher's Day to all members
with regards
Dr. Hassan Sardar
Computer Department
Punjabi University Baba Jogipeer Neighbourhoodeighbourhood Campus Ralla MANSA
From Me to Everyone: 11:26 AM
Happy Teachers Day
Who can see your messages? Recording On
To: Everyone
Type message here...
Dr. Kuldeep Singh
Dr. PRITI BANSAL
user
Kumar Sushil
39475b4d
39475b4d
Baldev Shergill
Dr.J.K. Gulati
Anand Bansal
A G
Rakesh Jindal
HS S
Supanpreet Singh
Dr Amandeep Kaur Sarao
Vikas Deep
H
Himanshi Bansal
Anjali
Anjali
Shashi Aggarwal
Shashi Aggarwal
Deepak Rani Gir...
Deepak Rani Girdhar
Amandeep Sing...
Amandeep Singh Sekhon
A
Amanpreet Sidhu
sumit garg
Amandeep Kaur
Amandeep Kaur
Baljinder Kaur
Arvind Arvind
J
Jagdeep Singh
ENG
11:27
05-09-2021

Guru Kashi Department of Languages organised a lecture on the birthday of Punjabi poet Avtar Pash on sep 9 2021



ਪੰਜਾਬੀ ਯੂਨੀਵਰਸਿਟੀ ਦੱਖਣੀ ਕੈਂਪਸ ਤਲਵੰਡੀ ਸਾਬੋ ਵਿਖੇ

# ਅਵਤਾਰ ਪਾਸ਼ ਦਾ ਜਨਮ ਦਿਹਾੜਾ ਮਨਾਇਆ

ਤਲਵੰਡੀ ਸਾਬੋ, 12 ਸੰਤਬਰ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੱਖਣੀ ਕੈਂਪਸ

ਆਵਾਜ਼ਿ ਕੌਮ AWAZE QAUM International Newspaper & WEB TV

ਤਲਵੰਡੀ ਸਾਬੋ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੁਆਰਾ ਜੁਝਾਰਵਾਦੀ ਕਵੀ ਅਵਤਾਰ ਪਾਸ਼ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕੈਂਪਸ ਡਾਇਰੈਕਟਰ ਗੁਰਸ਼ਰਨ ਸਿੰਘ ਰੰਧਾਵਾ ਨੇ ਕੀਤੀ। ਇਸ ਮੌਕੇ ਤੇ ਲੋਕਪੱਖੀ ਵਿਦਵਾਨ ਡਾ. ਸੁਮੇਲ ਸਿੰਘ ਸਿੱਧੂ ਨੇ ਕੰਵਲ ਪਾਸ਼ ਦੇ ਸਾਹਿਤ ਸਰੋਕਾਰ ਵਿੱਚ ਪੰਜਾਬੀ ਪਿੰਡ ਦੀ ਹਸਤੀ ਵਿਸ਼ੇ ਤੇ ਭਾਸ਼ਣ ਦਿੱਤਾ। ਇਹ ਭਾਸ਼ਣ ਪ੍ਰਸਿੱਧ ਵਿਦਵਾਨ ਅਤੇ ਦਰਸ਼ਨ ਸ਼ਾਸਤਰੀ ਰੇਮੰਡ ਵਿਲੀਅਮਜ਼ ਦੇ ਜਨਮ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਕੀਤਾ ਗਿਆ। ਆਪਣੇ ਭਾਸ਼ਣ ਵਿੱਚ ਡਾ. ਸਿੱਧੂ ਨੇ ਲੋਕਪੱਖੀ ਲੇਖਕਾਂ ਅਤੇ ਵਿਚਾਰਕਾਂ ਦੀ ਪਿੰਡ ਪ੍ਰਤੀ ਸਮਝ ਦਾ ਜ਼ਿਕਰ ਕੀਤਾ ਤੇ ਉਹਨਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਪਾਸ਼, ਰੇਮੰਡ ਅਤੇ ਜਸਵੰਤ ਕੰਵਲ ਤਿੰਨੋ ਹੀ ਸਧਾਰਨ ਪਰਿਵਾਰਾਂ ਵਿੱਚ ਜਨਮ ਲੈ ਕੇ ਲੋਕਾਈ ਦੀ ਬਿਹਤਰੀ ਲਈ ਆਪਣਾ ਬਣਦਾ ਯੋਗਦਾਨ ਪਾਉਂਦੇ ਰਹੇ। ਭਾਸ਼ਣ ਤੋਂ ਬਾਅਦ ਭਰਵੀਂ ਵਿਚਾਰ ਚਰਚਾ ਅਤੇ ਸਵਾਲ ਜਵਾਬ ਹੋਏ। ਡਾ. ਬਲਦੇਵ ਸਿੰਘ ਨੇ ਵਿਚਾਰ ਚਰਚਾ ਦੀ ਸ਼ੁਰੂਆਤ ਕੀਤੀ ਅਤੇ ਡਾ. ਅਮਨਦੀਪ ਸਿੰਘ ਮੁਖੀ, ਸੋਸ਼ਲ ਸਾਇੰਸਜ਼ ਵਿਭਾਗ ਨੇ ਸਵਾਲਾਂ ਦੀ ਲੜੀ ਨੂੰ ਅੱਗੇ ਤੋਰਿਆ। ਕੈਂਪਸ ਡਾਇਰੈਕਟਰ ਨੇ ਪਾਸ਼ ਬਾਰੇ ਆਪਣੇ ਨਿੱਜੀ ਤਜ਼ਰਬਿਆਂ ਨੂੰ ਸਾਂਝਾ ਕੀਤਾ ਅਤੇ ਪਾਸ਼ ਨਾਲ ਜੁੜੀਆਂ ਯਾਦਾਂ ਰਾਹੀਂ ਪਾਸ਼ ਦੀ ਵਿਚਾਰਧਾਰਾ ਅਤੇ ਲਿਖਤਾਂ ਬਾਰੇ ਦੱਸਿਆ ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨੂੰ ਜਾਰੀ ਰੱਖਣ ਦਾ ਯਕੀਨ ਦਿਵਾਇਆ। ਡਾ. ਸੰਦੀਪ ਰਾਣਾ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ। ਡਾ. ਭਾਵਨਾ ਸ਼ਰਮਾ, ਡਾ. ਮਨਮਿੰਦਰ ਕੌਰ, ਡਾ. ਵੀਰਪਾਲ ਕੌਰ, ਸ਼੍ਰੀਮਤੀ ਦੀਪਕ ਗਿਰਧਰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਅੰਤ ਵਿੱਚ ਡਾ. ਸੁਸ਼ੀਲ ਕੁਮਾਰ ਮੁਖੀ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਨੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਸਾਰੇ ਬੁਲਾਰਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।



First Publication by the students and faculty of Guru Kashi Department of Languages



# ਅਨੁਵਾਦਕ ਟੀਮ

## ਅੰਗਰੇਜ਼ੀ ਵਿਭਾਗ

## ਪੰਜਾਬੀ ਯੂਨੀਵਰਸਿਟੀ ਕੈਂਪਸ, ਤਲਵੰਡੀ ਸਾਬੋ



ਸੰਪਾਦਕ ਕੁਮਾਰ ਸੁਸ਼ੀਲ

### ਰਿਸਰਚ ਸਕਾਲਰ



ਗੁਰਪ੍ਰੀਤ ਸਿੰਘ ਗਿੱਲ



ਕੁਲਦੀਪ ਸਿੰਘ ਮਾਨ



ਦੀਪੂ ਕੁਮਾਰ



ਬਲਜਿੰਦਰ ਕੌਰ



ਗੁਰਵਿੰਦਰ ਮਲਕਾਣਾ



ਹਰਮਨਦੀਪ ਤਿਉਣਾ



ਅਮਨਦੀਪ ਕੌਰ



ਮਨਪ੍ਰੀਤ ਕੌਰ



ਜਗਜੀਤ ਸਿੰਘ



ਪ੍ਰਦੀਪ ਮਲਕਾਣਾ



ਹਰਜਿੰਦਰ ਕੌਰ



ਪਵਨਦੀਪ ਕੌਰ ਚਹਿਲ



ਕੇਵਲ ਸਿੰਘ ਖਾਈ



ਸੋਨਮ



ਗੁਰਪ੍ਰੀਤ ਕੌਰ



ਪਰਗਟ ਸਿੰਘ ਸੀਂਗੋ



ਇੰਦਰਪ੍ਰੀਤ ਸਿੰਘ



ਅਮਰਇੰਦਰ ਸਿੰਘ



ਗੁਰਜਿੰਦਰ ਸਿੰਘ



ਮਨਮਿੰਦਰ ਸਿੰਘ